# ਦੇਸ਼ ਦੁਆਬਾ

VOL - 3 ISSUE - 2
April 16-30, 2014

www.deshdoaba.com
www.ambedkartimes.com


ਭਾਰਤ ਦੀ ਆਜ਼ਾਦੀ ਦੇ ਘੁਲਾਟੀਏ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ 34ਵੀਂ ਬਰਸੀ ਤੇ ਅਦਾਰਾ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਨਿੱਘੀ ਸ਼ਰਧਾਂਜਲੀ ਦਿੰਦਾ ਹੈ।




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਬਸਪਾ ਇਕ ਲਹਿਰ ਦਾ ਨਾਂਅ ਹੈ-ਮਾਇਆਵਤੀ

## ਬਸਪਾ ਵਿਚ ਨਵੀਂ ਜਾਨ ਪਾਏਗਾ ਮਾਇਆਵਤੀ ਦਾ ਪੰਜਾਬ ਦੌਰਾ

ਨਵਾਂਸ਼ਹਿਰ- 16 ਅਪ੍ਰੈਲ ਨੂੰ ਇੱਥੇ ਬਹੁਜਨ ਸਮਾਜ ਪਾਰਟੀ (ਬਸਪਾ) ਵੱਲੋਂ ਕੀਤੀ ਗਈ ਸੂਬਾ ਪੱਧਰੀ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪਾਰਟੀ ਸੁਪ੍ਰੀਮੋ ਕੁਮਾਰੀ ਮਾਇਆਵਤੀ ਨੇ ਸਮੂਹ ਬਹੁਜਨ ਸਮਾਜ ਨੂੰ ਦੇਸ਼ ਅੰਦਰੋਂ ਕਾਂਗਰਸ ਤੇ ਭਾਜਪਾ ਨੂੰ ਹਰਾਉਣ ਦਾ ਸੱਦਾ ਦਿੰਦੇ ਹੋਇਆ ਬਸਪਾ ਦੀ ਰਣਨੀਤੀ ਬਾਰੇ ਵਿਸਥਾਰ ਵਿਚ ਵਿਚਾਰ ਰੱਖੇ। ਬਸਪਾ ਸੁਪ੍ਰੀਮੋ ਨੇ ਲਗਭਗ ਪੌਣਾ ਘੰਟਾ ਕੀਤੇ ਆਪਣੇ ਸੰਬੋਧਨ 'ਚ ਪੰਜਾਬ ਦੇ ਦਲਿਤ ਭਾਈਚਾਰੇ ਨੂੰ ਸੱਦਾ ਦਿੱਤਾ ਕਿ ਅਨੁਸੂਚਿਤ ਜਨ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਇਕੱਠੇ ਹੋ ਕੇ ਅਤੇ ਉੱਪਰਲੀਆਂ ਸ਼੍ਰੇਣੀਆਂ ਦੇ ਲੋਕਾਂ ਦਾ ਸਾਥ ਪ੍ਰਾਪਤ ਕਰਕੇ ਦੇਸ਼ ਵਿਚ ਬਹੁਜਨ ਸਮਾਜ ਦਾ ਰਾਜ ਸਥਾਪਿਤ ਕਰਨ ਲਈ ਹੰਭਲਾ ਮਾਰਨ।

ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਪਾਰਟੀ ਦੇ ਉਮੀਦਵਾਰ ਕੇ. ਐੱਸ. ਮੱਖਣ (ਕੁਲਦੀਪ ਸਿੰਘ ਤੱਖਰ) ਦੀ ਚੋਣ ਮੁਹਿੰਮ ਸਮੇਤ ਸੂਬੇ 'ਚ ਪਾਰਟੀ ਦੇ 12 ਉਮੀਦਵਾਰਾਂ ਨੂੰ ਹੱਲਾਸ਼ੇਰੀ ਦੇਣ ਲਈ ਅੱਜ ਬਸਪਾ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਬਸਪਾ ਸੁਪ੍ਰੀਮੋ ਨੇ ਕਿਹਾ ਕਿ ਬਸਪਾ ਇੱਕ ਰਾਜਨੀਤਕ ਪਾਰਟੀ ਹੀ ਨਹੀਂ ਹੈ ਸਗੋਂ ਬਸਪਾ ਇੱਕ ਲਹਿਰ ਦਾ ਨਾਂਅ ਹੈ, ਜਿਸ ਕਰਕੇ ਉਹ ਦੇਸ਼ ਭਰ ਵਿਚ ਆਪਣੇ ਬਲਬੂਤੇ 'ਤੇ ਹੀ ਚੋਣਾਂ ਲੜ ਰਹੀ ਹੈ। ਉਨ੍ਹਾਂ ਕਾਂਗਰਸ ਦੇ ਲੰਬੇ ਸਮਾਂ ਕੀਤੇ ਸ਼ਾਸਨ ਅਤੇ ਭਾਜਪਾ ਦੇ ਕੇਂਦਰ ਵਿਚ ਕਾਰਜਕਾਲ ਦਾ ਜ਼ਿਕਰ ਕਰਦਿਆਂ ਕਿਹਾ ਕਿ ਲੋਕ ਇਨ੍ਹਾਂ ਦੋਹਾਂ ਪਾਰਟੀਆਂ ਦਾ ਕਿਰਦਾਰ ਦੇਖ ਚੁੱਕੇ ਹਨ ਹੁਣ ਉਹ ਬਸਪਾ ਦੇ ਹੱਥ ਹਕੂਮਤ ਸੌਂਪਣ ਦੀ ਤਿਆਰੀ ਵਿਚ ਹਨ। ਕਾਂਗਰਸ ਤੇ ਭਾਜਪਾ 'ਤੇ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਇਹ ਪਾਰਟੀਆਂ ਪੂੰਜੀਪਤੀਆਂ ਤੋਂ ਚੋਣਾਂ ਸਮੇਂ ਧਨ ਪ੍ਰਾਪਤ ਕਰਕੇ ਫਿਰ ਉਨ੍ਹਾਂ ਨੂੰ ਲਾਭ ਪਹੁੰਚਾਉਣ ਲਈ ਕੰਮ ਕਰਦੀਆਂ ਹਨ। ਉਨ੍ਹਾਂ ਪੰਜਾਬ ਦੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਕਾਂਗਰਸ ਅਤੇ ਭਾਜਪਾ ਨੂੰ ਮੂੰਹ ਨਾ ਲਾਉਣ। ਉਨ੍ਹਾਂ ਪੰਜਾਬ ਵਿਚੋਂ ਕੇ. ਐੱਸ. ਮੱਖਣ ਸਮੇਤ ਸਾਰੇ ਬਸਪਾ ਉਮੀਦਵਾਰ ਨੂੰ ਜਿਤਾਉਣ ਦਾ ਸੱਦਾ ਦਿੱਤਾ। ਬਸਪਾ ਦੇ ਕੌਮੀ ਜਨਰਲ ਸਕੱਤਰ ਨਰਿੰਦਰ ਕਸ਼ਯਪ, ਪੰਜਾਬ ਮਾਮਲਿਆਂ ਦੇ ਇੰਚਾਰਜ ਪ੍ਰਕਾਸ਼ ਭਾਰਤੀ, ਸੂਬਾ ਪ੍ਰਧਾਨ ਪ੍ਰਕਾਸ਼ ਸਿੰਘ ਜੰਡਾਲੀ, ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਉਮੀਦਵਾਰ ਕੇ. ਐੱਸ. ਮੱਖਣ ਸਮੇਤ ਸੂਬੇ ਵਿਚ ਖੜੇ ਦੂਸਰੇ 12 ਬਸਪਾ ਉਮੀਦਵਾਰਾਂ ਸਮੇਤ ਸੀਨੀਅਰ ਬਸਪਾ ਆਗੂਆਂ



ਨੇ ਸੰਬੋਧਨ ਕਰਦਿਆਂ ਬਸਪਾ ਉਮੀਦਵਾਰਾਂ ਨੂੰ ਜਿਤਾਉਣ ਦੀ ਅਪੀਲ ਕੀਤੀ।

### ਬਸਪਾ ਵਿਚ ਨਵੀਂ ਪਾਵੇਗਾ ਦੌਰਾ

ਸਾਲ 1996 ਦੀਆਂ ਲੋਕ ਸਭਾ ਚੋਣਾਂ 'ਚ ਬਸਪਾ ਦੇ ਤਿੰਨ ਉਮੀਦਵਾਰ ਚੋਣ ਜਿੱਤਣ 'ਚ ਕਾਮਯਾਬ ਹੋ ਗਏ ਸਨ। ਉਸ ਤੋਂ ਬਾਅਦ 1998 ਦੀਆਂ ਚੋਣਾਂ 'ਚ ਦੂਜਾ ਥਾਂ ਪ੍ਰਾਪਤ ਕਰਨ ਤੋਂ ਅੱਗੇ ਹੋਰ ਕੋਈ ਪ੍ਰਾਪਤੀ ਕਰਨ 'ਚ ਅਸਫਲ ਰਹੀ ਹੈ। ਬਸਪਾ ਨੇ ਪਹਿਲੀ ਵਾਰ 1989 'ਚ ਲੋਕ ਸਭਾ ਦੀ ਚੋਣ ਲੜੀ ਸੀ ਅਤੇ ਹਲਕਾ ਫਿਲੌਰ ਤੋਂ ਪਾਰਟੀ ਦੇ ਉਮੀਦਵਾਰ ਹਰਭਜਨ ਲਾਖਾ ਨੇ 29.25 ਫ਼ੀਸਦ ਵੋਟਾਂ ਲੈ ਕੇ ਜਿੱਤ ਦਰਜ ਕਰਾਈ ਸੀ। ਉਨ੍ਹਾਂ ਨੇ 173592 ਵੋਟਾਂ ਪ੍ਰਾਪਤ ਕੀਤੀਆਂ ਸਨ। ਪਾਰਟੀ ਦੇ ਹੁਸ਼ਿਆਰਪੁਰ ਤੋਂ ਉਮੀਦਵਾਰ ਸਤਨਾਮ ਸਿੰਘ ਦੂਜੀ ਥਾਂ ਲੈਣ 'ਚ ਕਾਮਯਾਬ ਰਹੇ ਸਨ। ਪਾਰਟੀ ਨੇ ਇਸ ਵਾਰ 13 'ਚੋਂ 12 ਹਲਕਿਆਂ 'ਤੇ ਉਮੀਦਵਾਰ ਖੜ੍ਹੇ ਕੀਤੇ ਸਨ। ਸਾਲ 1992 ਦੀਆਂ ਲੋਕ ਸਭਾ ਦੀਆਂ ਚੋਣਾਂ 'ਚ ਵੀ ਫ਼ਿਰੋਜ਼ਪੁਰ ਤੋਂ ਬਸਪਾ ਦੇ ਉਮੀਦਵਾਰ ਮੋਹਨ ਸਿੰਘ ਫਲੀਆਂਵਾਲਾ ਨੇ ਸੀਟ ਜਿੱਤ ਲਈ ਸੀ। ਉਨ੍ਹਾਂ ਨੂੰ 34.69 ਫ਼ੀਸਦ ਭਾਵ 150903 ਵੋਟਾਂ ਮਿਲੀਆਂ ਸਨ। ਹਲਕਾ ਹੁਸ਼ਿਆਰਪੁਰ ਤੋਂ ਮਾਇਆਵਤੀ, ਫਿਲੌਰ ਤੋਂ ਹਰਭਜਨ ਲਾਖਾ ਅਤੇ ਫ਼ਰੀਦਕੋਟ ਤੋਂ ਬਲਜੀਤ ਸਿੰਘ ਜਿੱਤ ਦੇ ਐਨ ਕਰੀਬ ਆ ਕੇ ਹਜ਼ਾਰਾਂ ਵੋਟਾਂ ਦੇ ਫ਼ਰਕ ਨਾਲ ਪਿੱਛੇ ਰਹੇ ਸਨ। ਹੁਸ਼ਿਆਰਪੁਰ ਬਸਪਾ ਦੇ ਬਾਨੀ ਕਾਂਸ਼ੀ ਰਾਮ ਦਾ ਜੱਦੀ ਜ਼ਿਲ੍ਹਾ ਹੈ। ਮਾਇਆਵਤੀ ਬਾਅਦ 'ਚ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣੇ ਸਨ। ਸਾਲ 1996 ਦੀਆਂ ਚੋਣਾਂ 'ਚ ਪਾਰਟੀ ਦੇ ਤਿੰਨ ਉਮੀਦਵਾਰ ਲੋਕ ਸਭਾ 'ਚ ਪੁੱਜੇ ਸਨ। ਬਸਪਾ ਦੇ ਹਰਭਜਨ ਲਾਖਾ ਅਤੇ ਮੋਹਨ ਸਿੰਘ ਫਲੀਆਂਵਾਲਾ ਨੇ ਦੁਬਾਰਾ ਚੋਣ ਜਿੱਤ ਕੇ ਇਤਿਹਾਸ ਦੁਹਰਾਇਆ ਸੀ। ਫਿਲੌਰ ਤੋਂ ਹਰਭਜਨ ਲਾਖਾ ਨੂੰ ਸਭ ਤੋਂ ਵੱਧ 295868 ਵੋਟਾਂ ਮਿਲੀਆਂ ਸਨ। ਹੁਸ਼ਿਆਰਪੁਰ ਤੋਂ ਕਾਂਸ਼ੀ ਰਾਮ ਵੀ 230013 ਵੋਟਾਂ ਲੈ ਕੇ ਆਪਣੇ ਵਿਰੋਧੀ ਨਾਲੋਂ ਵੱਡੇ ਫ਼ਰਕ ਨਾਲ ਜਿੱਤ ਗਏ ਸਨ। ਫ਼ਿਰੋਜ਼ਪੁਰ ਤੋਂ ਮੋਹਨ ਸਿੰਘ ਫਲੀਆਂਵਾਲਾ ਨੇ 264799 ਵੋਟਾਂ ਲੈ ਕੇ ਬਾਕੀ ਦੇ ਸਾਰੇ ਉਮੀਦਵਾਰਾਂ ਨੂੰ ਪਿੱਛੇ ਛੱਡ ਦਿੱਤਾ ਸੀ। ਪਾਰਟੀ ਨੇ ਕੇਵਲ ਚਾਰ ਹਲਕਿਆਂ ਤੋਂ ਚੋਣ ਲੜੀ ਸੀ ਅਤੇ ਚੌਥੇ ਉਮੀਦਵਾਰ ਧਰਮ ਚੰਦ ਗੁਰਦਾਸਪੁਰ ਤੋਂ ਹਾਰ ਗਏ ਸਨ। ਇਸ ਤੋਂ ਬਾਅਦ ਬਸਪਾ ਨੂੰ ਲਗਾਤਾਰ ਹਾਰ ਦਾ ਮੂੰਹ ਦੇਖਣਾ ਪਿਆ ਹੈ। ਪਾਰਟੀ ਵੱਲੋਂ ਹਰ ਵਾਰ ਦੀਆਂ ਚੋਣਾਂ 'ਚ ਭਰਵੀਂ ਹਾਜ਼ਰੀ ਲੁਆਈ ਜਾਂਦੀ ਰਹੀ ਹੈ।

ਪਾਰਟੀ ਵੱਲੋਂ ਇਨ੍ਹਾਂ ਚੋਣਾਂ 'ਚ ਸਾਰੇ ਹਲਕਿਆਂ ਤੋਂ ਚੋਣ ਲੜੀ ਜਾ ਰਹੀ ਹੈ। ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਪਰਦੀਪ ਵਾਲੀਆ, ਗੁਰਦਾਸਪੁਰ ਤੋਂ ਸੁਵਿੰਦਰ ਸੁੱਖ, ਖਡੂਰ ਸਾਹਿਬ ਤੋਂ ਸੁੱਚਾ ਸਿੰਘ ਮਾਨ, ਫ਼ਿਰੋਜ਼ਪੁਰ ਤੋਂ ਰਾਮ ਕੁਮਾਰ ਪਰਜਾਪਤੀ, ਬਠਿੰਡਾ ਤੋਂ ਕੁਲਦੀਪ ਸਿੰਘ ਸਰਦੂਲਗੜ੍ਹ, ਜਲੰਧਰ ਤੋਂ ਸੁਖਵਿੰਦਰ ਕੋਟਲੀ, ਆਨੰਦਪੁਰ ਸਾਹਿਬ ਤੋਂ ਕੇਐੱਸ ਮੱਖਣ, ਫ਼ਤਹਿਗੜ੍ਹ ਸਾਹਿਬ ਤੋਂ ਸਰਬਜੀਤ ਸਿੰਘ ਖਾਲਸਾ, ਪਟਿਆਲਾ ਤੋਂ ਰਾਮ ਸਿੰਘ ਧੀਮਾਨ, ਲੁਧਿਆਣਾ ਤੋਂ ਨਵਜੋਤ ਗਰਗ, ਹੁਸ਼ਿਆਰਪੁਰ ਤੋਂ ਭਗਵਾਨ ਸਿੰਘ ਚੌਹਾਨ, ਸੰਗਰੂਰ ਤੋਂ ਆਰਐੱਸ ਭੱਟੀ ਅਤੇ ਫ਼ਰੀਦਕੋਟ ਤੋਂ ਸੰਤ ਰਾਮ ਮੱਲੀਆਂ ਨੂੰ ਮੈਦਾਨ 'ਚ ਉਤਾਰਿਆ ਗਿਆ ਹੈ। ਪਾਰਟੀ ਸੁਪਰੀਮੋ ਭੈਣ ਮਾਇਆਵਤੀ 16 ਅਪਰੈਲ ਨੂੰ ਆਪਣੀ ਪੰਜਾਬ ਪਲੇਠੀ ਫੇਰੀ 'ਤੇ ਆ ਰਹੇ ਹਨ। ਉਹ ਨਵਾਂਸ਼ਹਿਰ ਵਿਖੇ ਇੱਕ ਚੋਣ ਰੈਲੀ ਨੂੰ ਸੰਬੋਧਨ ਕੀਤਾ। ਇਸ ਤੋਂ ਪਹਿਲਾਂ ਉਹ 30 ਮਾਰਚ ਨੂੰ ਚੰਡੀਗੜ੍ਹ ਆਏ ਸਨ। ਪਾਰਟੀ ਦੇ ਜਨਰਲ ਸਕੱਤਰ ਹਰਭਜਨ ਲਾਖਾ ਨੇ ਦਾਅਵਾ ਹੈ ਕਿ ਇਨ੍ਹਾਂ ਚੋਣਾਂ 'ਚ ਬਸਪਾ ਨੂੰ ਵੱਡੀ ਜਿੱਤ ਮਿਲੇਗੀ। ਉਨ੍ਹਾਂ ਦਾ ਮੰਨਣਾ ਹੈ ਕਿ ਆਮ ਲੋਕ ਕਾਂਗਰਸ ਅਤੇ ਅਕਾਲੀ-ਭਾਜਪਾ ਤੋਂ ਦੁਖੀ ਹਨ ਅਤੇ ਉਨ੍ਹਾਂ ਨੂੰ ਬਸਪਾ ਤੋਂ ਵੱਡੀਆਂ ਆਸਾਂ ਹਨ।



ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਅਤੇ Veteran's Memorial Community Building, 1425 Veteran's Memorial Circle, Yuba City (CA) ਵਿਖੇ 20 ਅਪ੍ਰੈਲ ਨੂੰ ਪੂਰਨ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਅੰਦਰ ਇਸ਼ਤਿਹਾਰ ਦੇਖੋ ਜਾਂ ਸੰਪਰਕ ਕਰੋ:

**ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) (530) 713-1823**



ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਹਾੜੇ ਮੌਕੇ ਉਹਨਾਂ ਦੇ ਆਦਮ ਕੱਦ ਬੁੱਤ ਦੇ ਮੂਹਰੇ ਬੈਠੇ ਪ੍ਰਸ਼ੰਸਕ।




MAJESTIC HOMES

RAMESH SUMAN
Broker Realtor
RCS-D TM

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY



Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)



Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



*"Go, and write on the walls of your houses that we were the Dasas (Slaves) of yesterday and want to be the rulers of tomorrow." -- Dr. B. R. Ambedkar*

We congratulate to all on Dr. Ambedkar's 123rd birth anniversary & we would like to request you all to join us to celebrate Baba Sahib Dr. Ambedkar's 123rd birth anniversary at 6:00pm, Venue: Veteran's Memorial Community Building, 1425 Veteran's Memorial Circle, Yuba City (California) 95991 on April 20, 2014

## Heartiest congratulations on Dr. Ambedkar's 123rd birth anniversary




# Mrs. and Mr. Shingara Singh Ralh

**President**

## Shri Guru Ravidass Temple Yuba City, California

# (530) 713-1823



We congratulate to all on Dr. Ambedkar's 123rd birth anniversary & we would like to request you all to join us to celebrate Baba Sahib Dr. Ambedkar's 123rd birth anniversary at 6:00pm,

Venue: Veteran's Memorial Community Building,

1425 Veteran's Memorial Circle,

Yuba City (California) 95991

on

## April 20, 2014



# The Family of Commissioner Late Mr. Lahori Ram

# ਲਹਣੇ ਧਰਿਓਨ ਛਤ੍ਰ ਸਿਰਿ

(ਗੁਰਮੇਜ ਸਿੰਘ ਸੰਧੂ)
(408) 440-8744)



ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਅਵਤਾਰ 31 ਮਾਰਚ 1504 ਈਸਵੀ ਨੂੰ ਪੂਜਯ ਬਾਬਾ ਫੇਰੂ ਮਲ ਜੀ ਦੇ ਗ੍ਰਿਹਿ ਵਿਖੇ ਮਾਤਾ ਦਇਆ ਕੌਰ ਜੀ ਦੀ ਕੁੱਖ ਤੋਂ ਮੱਤੇ ਦੀ ਸਰਾਂ ਜ਼ਿਲਾ ਫਿਰੋਜ਼ਪੁਰ ਵਿਖੇ ਹੋਇਆ। ਆਪ ਜੀ ਦਾ ਪਹਿਲਾ ਨਾਮ ਲਹਿਣਾ ਜੀ ਸੀ। ਸਾਹਿਬਾਂ ਦਾ ਸ਼ੁਭ ਵਿਆਹ ਸ੍ਰੀ ਦੇਵੀ ਚੰਦ ਦੀ ਸਪੁਤ੍ਰੀ ਸ੍ਰੀ ਖੀਵੀ ਜੀ ਨਾਲ ਹੋਇਆ। ਮਾਤਾ ਖੀਵੀ ਜੀ ਦੀ ਕੁੱਖ ਤੋਂ ਆਪ ਜੀ ਦੇ ਘਰ ਦੋ ਸਪੱਤ੍ਰ ਸ੍ਰੀ ਦਾਸੂ ਜੀ ਤੇ ਸ੍ਰੀ ਦਾਤੂ ਜੀ ਅਤੇ ਦੋ ਸਪੁਤ੍ਰੀਆਂ ਬੀਬੀ ਅਮਰੋ ਜੀ ਤੇ ਬੀਬੀ ਅਣੋਖੀ ਜੀ ਪੈਦਾ ਹੋਏ।

ਪਿੰਡ ਮੱਤੇ ਦੀ ਸਰਾਂ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਸਿੱਖ ਭਾਈ ਜੋਧੂ ਜੀ ਸ੍ਰੀ ਆਸਾ ਜੀ ਦੀ ਵਾਰ ਦਾ ਪਾਠ ਅੰਮ੍ਰਿਤ ਵੇਲੇ ਬੜੀ ਮਿੱਠੀ ਤੇ ਸੁਰੀਲੀ ਆਵਾਜ਼ ਵਿੱਚ ਕਰਦਾ ਹੁੰਦਾ ਸੀ। ਇੱਕ ਦਿਨ ਉਹ ਪਿੰਡੋ ਬਾਹਰ ਇਕ ਟੋਭੇ ਪਾਸ ਬੈਠਾ ਪਾਠ ਕਰ ਰਿਹਾ ਸੀ। ਉਧਰੋਂ ਸਵੇਰੇ ਇਸ਼ਨਾਨ ਕਰਨ ਲਈ ਸ੍ਰੀ ਲਹਿਣਾ ਜੀ ਵੀ ਉਸ ਟੋਭੇ ਤੇ ਪੁੱਜ ਗਏ। ਗੁਰਬਾਣੀ ਦੇ ਪਾਠ ਦੀ ਆਵਾਜ਼ ਉਹਨਾਂ ਦੇ ਕੰਨੀ ਪਈ।ਗੁਰਬਾਣੀ ਦੇ ਪਾਠ ਦੀ ਆਵਾਜ਼ ਜਦ ਉਨ੍ਹਾਂ ਦੇ ਕੰਨੀ ਪਈ ਤਾਂ ਪਾਠ ਸੁਣਦਿਆ ਹੀ ਅੰਦਰ ਇੱਕ ਧੂਹ ਜਿਹੀ ਪਈ। ਆਪ ਭਾਈ ਜੋਧੂ ਜੀ ਦੇ ਪਾਸ ਜਾ ਬੈਠੇ। ਉਸ ਦਿਨ ਭਾਈ ਜੋਧ ਜੀ ਆਸਾ ਦੀ ਵਾਰ ਦੀ ਇਸ ਪਉੜੀ ਦਾ ਪਾਠ ਕਰ ਰਹੇ ਸਨ :-

ਜਿਤੁ ਸੇਵਿਐ ਸੁਖੁ ਪਇਐ ਸੋ ਸਾਹਿਬ ਸਦਾ ਸਮਾਲੀਐ।।
ਜਿਤੁ ਕੀਤਾ ਪਾਇਐ ਆਪਣਾ ਸਾ ਘਾਲ ਬੁਰੀ ਕਿਉਂ ਘਾਲੀਐ।।
ਮੰਦਾ ਮੂਲ ਨ ਕੀਚਈ ਦੇ ਲੰਮੀ ਨਦਰਿ ਨਹਾਲੀਐ।।
ਜਿਉ ਸਾਹਿਬ ਨਾਲਿ ਨ ਹਾਰੀਐ ਤੇ ਵੇਹਾ ਪਾਸਾ ਢਾਲੀਐ।।
ਕਿਛੁ ਲਾਹੇ ਉਪਰਿ ਘਾਲੀਐ।।

ਭਾਈ ਜੋਧ ਜੀ ਪਾਠ ਕਰੀ ਗਏ ਤੇ ਆਪ ਬੈਠੇ ਸੁਣੀ ਗਏ। ਪਾਠ ਸਰਵਣ ਕਰਕੇ ਉਹਨਾਂ ਦੇ ਮਨ ਨੂੰ ਅਜਿਹੀ ਸ਼ਾਂਤੀ ਪ੍ਰਾਪਤ ਹੋਈ ਜਿਹੜੀ ਆਪ ਨੇ ਅਗੇ ਕਦੇ ਮਹਿਸੂਸ ਨਹੀ ਸੀ ਕੀਤੀ। ਜਦ ਭਾਈ ਜੋਧ ਜੀ ਨੇ ਪਾਠ ਦਾ ਭੋਗ ਪਾ ਲਿਆ ਤਾਂ ਸ੍ਰੀ ਲਹਿਣਾ ਜੀ ਨੇ ਪੁਛਿਆ- ਤੁਸੀਂ ਕਿਸਦੀ ਬਾਣੀ ਦਾ ਪਾਠ ਕਰ ਰਹੇ ਸੋ ਤਾਂ ਭਾਈ ਜੋਧ ਜੀ ਨੇ ਉਤਰ ਦਿੱਤਾ, ਇਹ ਸੱਚੀ ਧੁਰ ਕੀ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ, ਆਪਾਂ ਜੀਵਾਂ ਦੇ ਉਧਾਰ ਲਈ ਨਿਰੰਕਾਰ ਦੀ ਹਜੂਰੀ ਵਿਚੋਂ ਲਿਆਏ ਹਨ ਅਤੇ ਸਤਿਗੁਰ ਸ੍ਰੀ ਕਰਤਾਰਪੁਰ ਵਿਖੇ ਨਿਵਾਸ ਕਰਦੇ ਤੇ ਜੀਵਾਂ ਨੂੰ ਤਾਰਦੇ ਹਨ।

ਸ੍ਰੀ ਲਹਿਣਾ ਜੀ ਦੇ ਹਿਰਦੇ ਅੰਦਰ ਸਤਿਗੁਰਾਂ ਦੇ ਦਰਸ਼ਨਾਂ ਦੀ ਤਾਂਘ ਉਜਾਗਰ ਹੋ ਪਈ। ਆਪ ਸੰਮਤ 1589 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਸ੍ਰੀ ਕਰਤਾਰ ਪੁਰ ਆਏ।ਸਤਿਗੁਰਾਂ ਨੇ ਪੁਛਿਆ, ਪੁਰਖਾ ਕਿਥੋਂ ਆਇਆ ਏਂ? ਨਾਂ ਕੀ ਏ? ਸ੍ਰੀ ਲਹਿਣਾ ਜੀ ਨੇ ਉਤਰ ਦਿੱਤਾ, ਪਾਤਿਸ਼ਾਹ! ਖਡੂਰ ਸੰਘਰ ਤੋਂ ਆਇਆ ਹਾਂ। ਮੇਰਾ ਨਾਂ ਲਹਿਣਾ ਹੈ।

ਗੁਰੂ ਜੀ ਹੱਸ ਪਏ ਤੇ ਕਹਿਣ ਲਗੇ, 'ਵਾਹ ਵਾਹ, ਪੁਰਖਾ, ਵਾਹ ਵਾਹ! ਤੂੰ ਲਹਿਣਾ ਹੈ - ਅਸਾਂ ਤੇਰਾ ਦੇਣਾ ਹੈ। ਚੰਗਾ ਹੋਇਆ ਜੋ ਆਪਣਾ ਲਹਿਣਾ ਲੈਣ ਲਈ ਆਪ ਹੀ ਆ ਗਿਆਂ ਹੈਂ। ਸ੍ਰੀ ਲਹਿਣਾ ਜੀ ਕਰਤਾਰਪੁਰ ਰਹਿ ਪਏ। ਉਥੇ ਗੁਰ-ਉਪਦੇਸ਼ ਸੁਣਦੇ, ਗੁਰੂ ਜੀ ਦੇ ਦਰਸ਼ਨਾਂ ਨਾਲ ਹਿਰਦਾ ਠਾਰਦੇ, ਨਾਮ ਜਪਦੇ ਅਤੇ ਸੇਵਾ ਕਰਦੇ ਰਹੇ। ਸ੍ਰੀ ਲਹਿਣਾ ਜੀ ਇਕ ਵੇਰਾਂ ਗੁਰੂ ਆਗਿਆ ਪ੍ਰਾਪਤ ਕਰਕੇ ਆਪਣੇ ਪਿੰਡ ਸੰਘਰ ਗਏ। ਵਾਪਸ ਕਰਤਾਰਪੁਰ ਆਉਣ ਸਮੇਂ ਗੁਰੂ ਕੇ ਲੰਗਰ ਲਈ ਸੱਵਾ ਮਣ ਲੂਣ ਲੈ ਆਏ। ਲੂਣ ਦੀ ਪੰਡ ਉਤਾਰ ਕੇ ਮਾਤਾ ਜੀ ਨੂੰ ਨਮਸਕਾਰ ਕੀਤੀ ਅਤੇ ਪੁਛਿਆ ਗੁਰੂ ਜੀ ਕਿਥੇ ਹਨ? ਮਾਤਾ ਜੀ ਨੇ ਦਸਿਆ ਉਹ ਤਾਂ ਝੋਨੇ ਵਿਚੋਂ ਨਦੀਨ - ਘਾਹ ਬੂਟ ਕਢਣ-ਕਢਾਉਣ ਲਈ ਖੇਤਾਂ ਵਿਚ ਗਏ ਹੋਏ ਹਨ। ਸ੍ਰੀ ਲਹਿਣਾ ਜੀ ਵੀ ਖੇਤਾਂ ਵਿਚ ਜਾ ਪਹੁੰਚੇ। ਖੇਤਾਂ ਵਿਚ ਪਹੁੰਚ ਕੇ ਦੇਖਿਆ ਕਿ ਗੁਰੂ ਜੀ ਸਿੱਖਾਂ ਸਮੇਤ ਝੋਨੇ ਵਿੱਚੋਂ ਨਦੀਨ ਕਢ ਰਹੇ ਹਨ। ਸ੍ਰੀ ਲਹਿਣਾ ਜੀ ਵੀ ਆਪਣੀ ਰੇਸ਼ਮੀਂ ਪੋਸ਼ਾਕ ਦਾ ਖਿਆਲ ਕੀਤੇ ਬਿਨਾ ਝੋਨੇ ਵਿਚੋਂ ਨਦੀਨ ਕਢਣ ਲੱਗ ਪਏ। ਜਦ ਕੰਮ ਖਤਮ ਹੋਇਆ ਤਾਂ ਝੋਨੇ ਵਿਚੋਂ ਕਢੇ ਗਏ ਨਦੀਨ ਦੀ ਪੰਡ ਬੰਨੀ ਗਈ। ਸ੍ਰੀ ਲਹਿਣਾ ਜੀ ਨੇ ਇਹ ਪੰਡ ਸਿਰ ਤੇ ਚੁੱਕ ਲਈ। ਡੇਰੇ ਪਹੁੰਚਣ ਤੇ ਜਦ ਮਾਤਾ ਜੀ ਨੇ ਚਿਕੜ ਦੇ ਛਿੱਟੇ ਬਸਤਰਾਂ ਉਤੇ ਪਏ ਵੇਖੇ ਤਾਂ ਕਹਿਣ ਲਗੇ: ਇਸ ਗਭਰੂ ਪਾਸੋਂ ਤਾਂ ਆਪ ਜੀ ਨੇ ਚੰਗੀ ਤਗੜੀ ਸੇਵਾ ਲਈ ਹੈ। ਪਹਿਲੋਂ ਤਾਂ ਇਹ ਲੂਣ ਦੀ ਪੰਡ ਸੰਘਰੋਂ ਸਿਰ ਉਪਰ ਚੁੱਕ ਕੇ ਲਿਆਇਆ। ਫੇਰ ਇਸ ਨੇ ਖੇਤਾਂ ਵਿਚ ਕੁਝ ਕਾਰ ਕੀਤੀ ਹੋਵੇਗੀ। ਮਗਰੋਂ ਆਪ ਨੇ ਗਿੱਲੇ ਚੋਂਦੇ ਚਿਕੜੀਲੇ ਘਾਹ-ਬੂਟ ਦੀ ਵੱਡੀ ਸਾਰੀ ਪੰਡ ਇਸ ਨੂੰ ਚੁਕਾ ਦਿੱਤੀ। ਵੇਖੋ ਤਾਂ ਜਰਾ ਇਸ ਦਾ ਸੋਹਣਾ ਰੇਸ਼ਮੀ ਜਾਮਾ ਚਿਕੜ ਦੀਆਂ ਛਿੱਟਾਂ ਪੈ ਪੈ ਮੈਲਾ ਹੋ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਇਸ ਦੇ ਸਿਰ ਉਪਰ ਘਾਹ ਦੀ ਪੰਡੀ ਨਹੀਂ ਦੀਨ-ਦੁਨੀ ਦਾ ਛੱਤਰ ਹੈ। ਇਹ ਛਿੱਟਾਂ ਚਿਕੜ ਦੀਆਂ ਨਹੀਂ ਇਹ ਤਾਂ ਕੇਸਰ ਦੇ ਛਿੱਟੇ ਹਨ।

ਸ੍ਰੀ ਲਹਿਣਾ ਜੀ ਦੀ ਗੁਰੂ-ਘਰ ਅੰਦਰ ਕਮਾਈ ਸੇਵ-ਘਾਲ ਸਦਕਾ ਸ੍ਰੀ ਗੁਰੂਨਾਨਕ ਦੇਵ ਜੀ ਨੇ 14 ਜੂਨ 1539 ਨੂੰ ਬਾਬਾ ਬੁੱਢਾ ਜੀ ਪਾਸੋਂ ਉਨ੍ਹਾਂ ਨੂੰ ਗੁਰਆਈ ਦਾ ਤਿਲਕ ਲਵਾਇਆ ਅਤੇ ਸ੍ਰੀ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ-

ਥਾਪਿਆ ਲਹਿਣਾ ਜੀਂਵਦੇ ਗੁਰਆਈ ਸਿਰ ਛਤ੍ਰ ਫਿਰਾਇਆ।।
ਜੋਤਿ ਜੋਤ ਮਿਲਾਇ ਕੇ ਸਤਿਗੁਰ ਨਾਨਕ ਰੂਪ ਵਟਾਇਆ।।
ਲਖ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ।।
ਕਾਇਆ ਪਲਟ ਸਰੂਪ ਬਣਾਇਆ।।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਆ ਗਏ। ਇਥੇ ਆਕੇ ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਬਾਣੀ ਇਕੱਤ੍ਰ ਕਰਕੇ ਉਸ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਵਾਇਆ।

ਸੰਨ 1540 ਵਿੱਚ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾਕੇ ਹਮਾਯੂੰ ਬਾਦਸ਼ਾਹ ਲਾਹੌਰ ਵਲ ਜਾ ਰਿਹਾ ਸੀ। ਜਾਂਦਾ ਹੋਇਆ ਉਹ ਗੁਰੂ ਜੀ ਦੇ ਦਰਸ਼ਨਾਂ ਲਈ ਖਡੂਰ ਸਾਹਿਬ ਪੁੱਜਾ। ਗੁਰੂ ਜੀ ਉਸ ਵੇਲੇ ਬਾਲਕਾਂ ਦੀਆਂ ਖੇਡਾਂ ਵੇਖ ਰਹੇ ਸਨ। ਬਾਦ-ਸ਼ਾਹ ਨੇ ਉਨ੍ਹਾਂ ਦੇ ਪਾਸ ਘੋੜਾ ਜਾ ਖਲਿਹ-ਾਰਿਆ। ਗੁਰੂ ਜੀ ਨੇ ਹਮਾਯੂੰ ਵਲ ਖਾਸ ਧਿਆਨ ਨਾ ਦਿੱਤਾ। ਉਸ ਨੂੰ ਗੁੱਸਾ ਆ ਗਿਆ ਅਤੇ ਘੋੜੇ ਤੇ ਬੈਠਾ ਹੀ ਗੁਰੂ ਜੀ ਉਪਰ ਵਾਰ ਕਰਨ ਲਈ ਮਿਆਨ ਵਿਚੋਂ ਤਲਵਾਰ ਸੂਤਣ ਲੱਗਾ। ਗੁਰੂ ਜੀ ਨੇ ਹੱਸ ਕੇ ਕਿਹਾ ਬਾਦਸ਼ਾਹ! ਜਿਹੜੀ ਤਲਵਾਰ ਨੂੰ ਫਕੀਰ 'ਤੇ ਖਿਚਣ ਲਗਾ ਹੈ ਇਹ ਸ਼ੇਰ ਸ਼ਾਹ ਸੂਰੀ ਦੇ ਟਾਕਰੇ ਵੇਲੇ ਕਿਥੇ ਸੀ ? ਹਮਾਯੂੰ ਬਹੁਤ ਸ਼ਰਮਸਾਰ ਹੋਇਆ। ਘੋੜੇ ਤੋਂ ਉਤਰ ਕੇ ਉਸ ਨੇ ਗੁਰੂ ਜੀ ਨੂੰ ਨਮਸਕਾਰ ਕੀਤਾ ਤੇ ਉਨ੍ਹਾਂ ਤੋਂ ਮੁਆਫੀ ਮੰਗੀ। ਗੁਰੂ ਜੀ ਸਿੱਖਾਂ ਦੇ ਨਾ ਕੇਵਲ ਮਨਾਂ ਤੇ ਆਤਮਾਂ ਨੂੰ ਹੀ ਸਗੋਂ ਸਰੀਰਾਂ ਨੂੰ ਵੀ ਨਿਰੋਏ ਤੇ ਬਲਵਾਨ ਬਨਾਉਣਾ ਚਾਹੁੰਦੇ ਸਨ। ਇਸ ਕਰਕੇ ਆਪ ਦੇ ਲੰਗਰ ਵਿਚ ਘਿਆਲੀ ਖੀਰ ਬਣਦੀ ਤੇ ਵਰਤਾਈ ਜਾਂਦੀ ਸੀ। ਇਸੇ ਆਸ਼ੇ ਨੂੰ ਮੁਖ ਰਖਕੇ ਉਹ ਲੌਹਢੇ ਪਹਿਰ ਗਭਰੂਆਂ ਦੀ ਕਸਰਤ ਕਰਵਾਇਆ ਕਰਦੇ ਸਨ। ਆਪ ਉਹਨਾਂ ਦੇ ਘੋਲ ਕਰਾਇਆ ਤੇ ਵੇਖਿਆ ਕਰਦੇ ਸਨ। ਉਸ ਯਾਦ ਵਿੱਚ ਉਸ ਜਗ੍ਹਾ ਗੁਰਦੁਆਰਾ ਮੱਲ ਅਖਾੜਾ ਸਾਹਿਬ ਬਣਿਆ ਹੋਇਆ ਹੈ। ਆਪਣੀ ਸੱਚਖੰਡ ਵਾਪਸੀ ਦਾ ਸਮਾਂ ਆਇਆ ਵੇਖ ਗੁਰੂ ਅੰਗਦ ਦੇਵ ਜੀ ਨੇ 29 ਮਾਰਚ 1552 ਨੂੰ ਸ੍ਰੀ ਅਮਰ ਦਾਸ ਅਗੇ ਪੰਜ ਪੈਸੇ ਤੇ ਨਰੇਲ ਰਖਕੇ ਮੱਥਾ ਟੇਕਿਆ ਅਤੇ ਬਾਬਾ ਬੁਢਾ ਜੀ ਪਾਸੋਂ ਉਹਨਾ ਨੂੰ ਗੁਰਆਈ ਦਾ ਤਿਲਕ ਲੁਵਾਇਆ- ਇਸ ਮਗਰੋਂ ਉਸੇ ਦਿਨ ਆਪ ਜੋਤੀ ਜੋਤਿ ਸਮਾ ਗਏ।

## ਬਾਬਾ ਸਾਹਿਬ ਜੀ ਨੇ ਦੱਬੇ ਕੁਚਲੇ ਲੋਕਾਂ ਦੀ ਤਕਦੀਰ ਬਦਲਣ ਲਈ ਚੇਤਨਤਾ ਦਾ ਨਵਾਂ ਇਨਕਲਾਬ ਲਿਆਂਦਾ - ਢੰਡਾ

### ਐਸ. ਸੀ. ਬੀ. ਸੀ. ਅਧਿਕਾਰ ਮੋਰਚਾ ਨੇ ਬਾਬਾ ਸਾਹਿਬ ਦਾ ਜਨਮ ਦਿਨ ਮਨਾਇਆ



ਫਗਵਾੜਾ 16 ਅਪ੍ਰੈਲ (ਬੀ. ਕੇ. ਰੱਤੂ) ਭਾਰਤੀ ਸੰਵਿਧਾਨ ਦੇ ਨਿਰਮਾਤਾ, ਸਮੁੱਚੀ ਮਾਨਵਤਾ ਦੇ ਮਸੀਹਾ, ਨਾਰੀ ਜਾਤੀ ਦੇ ਮੁਕਤੀਦਾਤਾ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 123 ਵਾਂ ਜਨਮ ਦਿਹਾੜਾ ਸ਼੍ਰੀ ਵਰੁਣ ਦੇਵ ਖ਼ਵਾਜ਼ਾ ਮੰਦਿਰ ਦਸ਼ਮੇਸ਼ ਨਗਰ ਜੀ. ਟੀ. ਰੋਡ ਫਗਵਾੜਾ ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸੁਰਿੰਦਰ ਢੰਡਾ ਨੇ ਆਪਣੇ ਸੰਬੋਧਨ 'ਚ ਬਾਬਾ ਸਾਹਿਬ ਜੀ ਦੇ ਜਨਮ ਦਿਨ ਦੀ ਵਧਾਈ ਦਿੰਦਿਆਂ ਕਿਹਾ ਕਿ ਬਾਬਾ ਸਾਹਿਬ ਜੀ ਨੇ ਦੱਬੇ ਕੁਚਲੇ ਲੋਕਾਂ ਦੀ ਤਕਦੀਰ ਬਦਲਣ ਲਈ ਚੇਤਨਤਾ ਦਾ ਨਵਾਂ ਇਨਕਲਾਬ ਲਿਆਂਦਾ ਸੀ। ਉਨ੍ਹਾਂ ਕਿਹਾ ਕਿ ਸਮਾਜਿਕ ਅਤੇ ਰਾਜਨੀਤਿਕ ਪਰਿਵਰਤਨ ਲਿਆਉਣ ਲਈ ਬਾਬਾ ਸਾਹਿਬ ਡਾ. ਭੀਮ ਰਾਓ ਜੀ ਦੀ ਸੋਚ ਨੂੰ ਅਪਨਾਉਣਾ ਜ਼ਰੂਰੀ ਹੈ। ਢੰਡਾ ਨੇ ਕਿਹਾ ਕਿ ਦਲਿਤ ਤੇ ਪੱਛੜੇ ਵਰਗ ਨੂੰ ਆਪਣੀ ਵਿਗੜੀ ਨੂੰ ਸੰਵਾਰਨ ਲਈ ਸੱਤ੍ਹਾ 'ਚ ਹਿੱਸੇਦਾਰ ਬਣਨਾ ਜ਼ਰੂਰੀ ਹੈ। ਇਸ ਮੌਕੇ ਰਿਟਾ. ਡੀ.ਐਸ.ਪੀ. ਬਲਰਾਜ ਸਿੰਘ, ਯਸ਼ਪਾਲ ਅਟਵਾਲ, ਗੁਰਦਿਆਲ ਜੋਨੀ ਤੇ ਬਲਵਿੰਦਰ ਬੌਬੀ ਨੇ ਆਪਣੇ ਸੰਬੋਧਨ 'ਚ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਜੀ ਦੇ ਜਨਮ ਦਿਹਾੜੇ 'ਤੇ ਵਧਾਈ ਦਿੰਦਿਆਂ ਕਿਹਾ ਕਿ ਬਾਬਾ ਸਾਹਿਬ ਜੀ ਦੇ ਸੰਘਰਸ਼ ਦੀ ਬਦੌਲਤ ਹੀ ਦਲਿਤ ਅਤੇ ਪੱਛੜੇ ਸਮਾਜ ਦੀ ਹਾਲਤ 'ਚ ਕੁਝ ਸੁਧਾਰ ਆਇਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਬਾਬਾ ਸਾਹਿਬ ਦੀ ਸੋਚ ਨੂੰ ਅਪਨਾ ਕੇ ਉਸ 'ਤੇ ਪਹਿਰਾ ਦਿੰਦੇ ਹੋਏ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਐਜੂਕੇਸ਼ਨ ਦੇਣੀ ਚਾਹੀਦੀ ਹੈ ਕਿਉਂਕਿ ਪੜ੍ਹਿਆ ਲਿਖਿਆ ਸਮਾਜ ਹੀ ਤਰੱਕੀ ਕਰ ਸਕਦਾ ਹੈ। ਉਕਤ ਆਗੂਆਂ ਨੇ ਕਿਹਾ ਕਿ ਬਾਬਾ ਸਾਹਿਬ ਦੀ ਸੋਚ ਨੂੰ ਜਨ - ਜਨ ਤੱਕ ਲੈ ਕੇ ਜਾਣ ਲਈ ਐਸ.ਸੀ., ਬੀ.ਸੀ. ਅਧਿਕਾਰ ਮੋਰਚਾ ਦੁਆਬੇ ਅੰਦਰ ਵੱਡੀ ਪੱਧਰ 'ਤੇ ਯੂਨਿਟ ਸਥਾਪਿਤ ਕਰਨ ਲਈ ਵਿਸ਼ੇਸ਼ ਅਭਿਆਨ ਚਲਾਏਗਾ। ਇਸ ਮੌਕੇ ਕਿਸ਼ਨ ਦਾਸ ਸ਼ਿੰਦੀ ਸਾਬਕਾ ਸਰਪੰਚ, ਹਰਦੀਪ ਭਾਟੀਆ , ਸੁਖਵਿੰਦਰ ਸਿੰਘ, ਰਮੇਸ਼ ਸਰੋਆ, ਗਗਜੀਤ ਸਿੰਘ, ਪ੍ਰਨੀਸ਼ ਕਰਾਟੇ ਕੋਚ, ਸੁਰਜੀਤ ਭੁੱਟਾ, ਅਮਰਜੀਤ ਕੌਲ, ਲਵਪ੍ਰੀਤ ਬੌਬੀ, ਹਰਚਰਨ ਭਾਰਤੀ, ਅਸ਼ਵਨੀ ਭੁੱਟਾ, ਕਾਲਾ ਭਾਟੀਆ, ਯਤਿੰਦਰ ਰਾਹੀ, ਜਗਦੀਪ ਢੰਡਾ, ਮਨਪ੍ਰੀਤ ਬਹਿਰਾਮ, ਪਵਨ ਬੇਗ਼ਮਪੁਰ, ਰਮਨ ਰਾਏ, ਕੁੰਦਨ ਲਾਲ , ਸੋਨੂੰ ਬੇਗ਼ਮਪੁਰ, ਮਿੰਟੂ ਸੰਤੋਖ਼ਪੁਰਾ, ਯੋਗਰਾਜ ਕਸ਼ਯਪ, ਟੋਨੀ, ਕਰਮਜੀਤ ਸਿੰਘ, ਚਰਨਪ੍ਰੀਤ ਸਿੰਘ, ਦਮਨਜੀਤ ਸਿੰਘ, ਸੌਰਵ ਮੱਲ੍ਹਣ, ਬੇਅੰਤ ਸਿੰਘ, ਮਨਜੀਤ ਕੁਮਾਰ , ਪ੍ਰਮਜੀਤ, ਰਾਜ ਕੁਮਾਰ ਕਨੌਜੀਆ, ਡਾ. ਕੁਲਦੀਪ ਸਿੰਘ, ਐਚ.ਐਸ.ਸੈਣੀ, ਸ਼ਿਵ ਕੁਮਾਰ ਤੋਂ ਇਲਾਵਾ ਹੋਰ ਵੀ ਆਗੂ ਮੌਜੂਦ ਸਨ। ਮੰਚ ਸੰਚਾਲਕ ਦੀ ਭੂਮਿਕਾ ਯਤਿੰਦਰ ਰਾਹੀ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਲੱਡੂ ਵੀ ਵੰਡੇ ਗਏ।

## 25ਵਾਂ (ਸਿਲਵਰ ਜੁਬਲੀ) ਵਿਸਾਖੀ ਮੇਲਾ- ਪੰਜਾਬੀ ਕਲਚਰਲ ਸੁਸਾਇਟੀ ਵਲੋਂ ਤਿਆਰੀਆਂ ਮੁਕੰਮਲ

ਸੈਕਰਾਮੈਂਟੋ (ਹਰਜਿੰਦਰ ਪੰਧੇਰ)- ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ 25ਵਾਂ (ਸਿਲਵਰ ਜੁਬਲੀ) ਵਿਸਾਖੀ ਮੇਲਾ, ਦਿਨ ਸ਼ਨਿਚਰਵਾਰ 19 ਅਪ੍ਰੈਲ ਸੰਨ 2014 ਨੂੰ ਸ਼ਾਮੀ 3:00 ਵਜੇ ' ਐਸ ਈ ਐਸ ਹਾਲ ' ਐਲਕਗਰੋਵ ਵਿਖੇ ਮਨਾਇਆ ਜਾ ਰਿਹਾ ਹੈ। ਮੇਲੇ ਸੰਬਧੀ ਪ੍ਰਬੰਧਾਂ ਦਾ ਜਇਜਾ ਲੈਣ ਲਈ, ਐਲਕਗਰੋਵ ਰੋਡ ਤੇ ਸਥਿਤ 'ਮਾਂਉਂਟੇਨ ਮਾਈਕ ਪੀਜ਼ਾ ' ਵਿਖੇ ਇਕ ਮੀਟਿੰਗ ਸਦੀ



ਗਈ। ਮੇਲੇ ਦਾ ਅਰੰਭ ਸੰਸਥਾ ਦੇ ਬਾਨੀ ਰਛਪਾਲ ਸਿੰਘ ਫਰਵਾਲਾ ਵਲੋਂ ਸਮੂਹ ਮੈਂਬਰਾਂ ਨੂੰ ਜੀ ਆਇਆਂ ਕਹਿਣ ਉਪਰੰਤ ਹੋਇਆ। ਸੁਰਿੰਦਰ ਸਿੰਘ ਬਿੰਦਰਾ ਦੀ ਪ੍ਰਧਾਨਗੀ ਹੇਠ ਚਲੀ ਇਸ ਮੀਟਿੰਗ ਵਿਚ ਮੇਲੇ ਦੇ ਪ੍ਰਬੰਧਾਂ ਦਾ ਸਪੂੰਰਨ ਜਾਇਜ਼ਾ ਲਿਆ ਗਿਆ। ਸਮੂਹ ਮੈਂਬਰਾਂ ਨੇ ਇਸ ਨਾਲ ਤਸਲੀ ਦਾ ਪ੍ਰਗਟਾਵਾ ਕੀਤਾ।

ਇਸ ਵਾਰ ਸਿਲਵਰ ਜੁਬਲੀ ਦੇ ਮੌਕੇ ਤੇ ਕਈ ਸਕੂਲਾਂ ਕਾਲਜਾਂ ਦੀਆਂ ਨਵੀਆਂ ਟੀਮਾਂ ਆਪਣੀਆਂ ਨਵੇਕਲੀਆਂ ਆਈਟਮਾਂ ਲੈ ਕੇ ਪਹੁੰਚ ਰਹੀਆਂ ਹਨ। ਪੰਜਾਬੀ ਸਭਿਆਚਾਰ ਨਾਲ ਜੁੜੇ ਹਰਮਨ ਪਿਆਰੇ ਗਾਇਕ ਵੀ ਆਪਣੀ ਕਲਾ ਦੇ ਰੰਗ ਬਿਖੇਰਨਗੇ।

ਇਸ ਸੰਸਥਾ ਵਲੋਂ ਸਮਾਜ ਸੇਵੀਆਂ ਨੂੰ ਮਾਣ ਬਖਸ਼ਣ ਦੀ ਪਾਈ ਸ਼ਾਨਦਾਰ ਰਿਵਾਇਤ ਅਨੁਸਾਰ ਇਸ ਵਾਰ ਪੰਜਾਬੀ ਦੇ ਸਿਰਕੱਢ ਅੱਖਬਾਰ 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜਮੂੰ, ਤਜਿੰਦਰ ਸਿੰਘ ਮਾਨ 'ਕੌਂਸਲਰ' ਯੂਬਾ ਸਿਟੀ, ਡਾ: ਨਰਿੰਦਰ ਸਿੰਘ ਧਾਲੀਵਾਲ, ਬੋਪਾਰਾਇ ਬ੍ਰਦਰਜ਼ ਅਤੇ ਹੋਰ ਸਹਿਯੋਗੀ ਜਥੇਬੰਦੀਆਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਮੇਲਾ ਦੇਖਣ ਆਉਣ ਵਾਲਿਆਂ ਲਈ ਕੋਈ ਦਾਖਲਾ ਫੀਸ ਨਹੀ। ਸਕਿਉਰਟੀ ਦਾ ਪੂਰਾ ਪ੍ਰਬੰਧ ਹੋਵੇਗਾ। ਇਸ ਮੀਟਿੰਗ ਵਿਚ ਰਛਪਾਲ ਸਿੰਘ ਫਰਵਾਲਾ, ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ ਦੇਸ ਦੁਆਬਾ), ਸੁਖਰਾਜ ਔਲਖ, ਕਮਲ ਬੰਗਾ, ਸੁਰਿੰਦਰ ਬਿੰਦਰਾ, ਜਸਵੰਤ ਸਿੰਘ ਸ਼ਾਦ, ਅਜੈਬ ਸਿੰਘ, ਬਲਵੰਤ ਸਿੰਘ, ਅਮਰੀਕ ਸਿੰਘ, ਹਰਜਿੰਦਰ ਪੰਧੇਰ, ਜਸਵਿੰਦਰ ਲਾਲ ਤੇ ਅਵਤਾਰ ਸਿੰਘ ਡੌਡ ਸ਼ਾਮਲ ਹੋਏ।

ਮੇਲੇ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਮੈਂਬਰਾਂ ਵਲੋਂ ਪੰਜਾਬ ਦੀ ਅਮੋਲਕ ਵਿਰਾਸਤ ਨਾਲ ਜੁੜੇ ਇਸ ਸ਼ਾਨਦਾਰ ਵਿਸਾਖੀ ਮੇਲੇ ਦਾ ਭਰਭੂਰ ਅਨੰਦ ਮਾਣਨ ਲਈ ਅਤੇ ਆਈਆਂ ਟੀਮਾਂ ਦਾ ਉਤਸ਼ਾਹ ਵਧਾਉਣ ਲਈ ਸਮੂਹ ਇਲਾਕਾ ਨਿਵਾਸੀਆਂ ਨੂੰ ਪਰਿਵਾਰਾਂ ਸਮੇਤ ਹੁੰਮ-ਹੁਮਾ ਕੇ ਪਹੁੰਚਣ ਲਈ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ।

**ਵਲੋਂ:- ਸਮੂਹ ਪ੍ਰਬੰਧਕ ਕਮੇਟੀ ,**
**'ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ।**

## ਸਿਟੀ ਕੌਂਸਲ ਦੀ ਪ੍ਰਾਇਮਰੀ ਚੋਣ 3 ਜੂਨ ਨੂੰ

ਨਿਊਯਾਰਕ- ਅਮਰੀਕਾ ਵਿਚ 3 ਜੂਨ ਨੂੰ ਸਿਟੀ ਕੌਂਸਲ ਦੀ ਪ੍ਰਾਇਮਰੀ ਚੋਣ ਹੋਣ ਜਾ ਰਹ ਹੈ, ਜਿਸ ਵਿਚ ਹੁਣ ਸਾਡੇ ਆਪਣੇ ਭਾਰਤੀ ਪੰਜਾਬੀ ਵੀ ਆਪਣੀ ਦਿਲਚਸਪੀ ਦਿਖਾ ਕੇ ਹਿੱਸਾ ਲੈ ਰਹੇ ਹਨ। ਸ. ਜਸਵਿੰਦਰ ਸਿੰਘ ਭੁੱਲਰ ਕਾਰਟਰੇਟ ਟਾਊਨ ਨਿਊਜਰਸੀ ਤੋਂ ਪਹਿਲੇ ਭਾਰਤੀ ਪੰਜਾਬੀ ਹਨ ਜੋ ਕਿ ਪਹਿਲੀ ਵਾਰ ਇਹਨਾਂ ਚੋਣਾਂ ਦਾ ਹਿੱਸਾ ਬਣੇ ਹਨ। ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਦੀ ਮੀਟਿੰਗ ਇਸ ਸਬੰਧੀ ਬੀਤੇ ਦਿਨੀਂ ਹੋਈ, ਜਿਸ ਵਿਚ ਇਹਨਾਂ ਪ੍ਰਾਇਮਰੀ ਚੋਣਾਂ ਵਿਚ ਭਾਗ ਲੈ ਰਹੇ ਆਪਣੇ ਭੈਣ ਭਰਾਵਾਂ ਦੀ ਹਮਾਇਤ ਕਰਨ ਦੀ ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਗਈ। ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਜਿਹਨਾਂ ਨੇ ਭਾਰਤ ਦਾ ਸੰਵਿਧਾਨ ਲਿਖਿਆ, ਉਹਨਾਂ ਦੀਆਂ ਸਿੱਖਿਆਵਾਂ ਨੂੰ ਵੀ ਜਨ-ਜਨ ਤੱਕ ਪਹੁੰਚਾਉਣ ਲਈ ਵਚਨਬੱਧ ਹੈ। ਬਾਬਾ ਸਾਹਿਬ ਜੀ ਨੇ ਕਿਹਾ ਸੀ ਕਿ ਇਹ ਤਕਦੀਰ ਸਾਡੀ ਜਨਮ ਦੇ ਨਾਲ ਪ੍ਰਮਾਤਮਾ ਵੱਲੋਂ ਲਿਖੀ ਜਾਂਦੀ ਹੈ ਪਰ ਇਕ ਤਕਦੀਰ ਵਕਤ ਦੀਆਂ ਸਰਕਾਰਾਂ ਲਿਖਦੀਆਂ ਹਨ। ਇਹ ਤਕਦੀਰ ਅਸੀਂ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਦਿਆਂ ਆਪਣੇ ਲੋਕਾਂ ਨੂੰ ਜਿਤਾ ਕੇ ਇਹਨਾਂ ਸਰਕਾਰਾਂ ਵਿਚ ਭੇਜ ਕੇ ਆਪਣੇ ਹੱਕ ਵਿਚ ਲਿਖਵਾ ਸਕਦੇ ਹਾਂ। ਜਿਸ ਦਾ ਇਹ ਸੁਨਹਿਰੀ ਮੌਕਾ ਹੈ। ਆਪਣੇ ਨਿੱਜੀ ਗਿਲੇ ਸ਼ਿਕਵਿਆਂ ਤੋਂ ਉਪਰ ਉਠ ਕੇ ਆਪਣੇ ਭੈਣ ਭਰਾਵਾਂ ਨੂੰ ਵੋਟ ਪਾ ਕੇ ਜਿਤਾਈਏ। ਇਹ ਜਾਣਕਾਰੀ ਨਿਰਮਲ ਸਿੰਘ 437-538-8296 ਵੱਲੋਂ ਦਿੱਤੀ ਗਈ।

## ਵਾਈਟ ਹਾਊਸ 'ਚ ਈਸਟਰ ਮਨਾਉਣ ਲਈ ਦੋ ਭਾਰਤੀਆਂ ਨੂੰ ਸੱਦਾ

ਵਾਸ਼ਿੰਗਟਨ—ਵਾਈਟ ਹਾਊਸ ਵਿਚ ਪਹਿਲੀ ਈਸਟਰ ਦੇ ਸਮਾਗਮ ਵਿਚ ਦੋ ਭਾਰਤੀ ਮੂਲ ਦੇ ਅਮਰੀਕੀਆਂ ਨੂੰ ਸੱਦਾ ਦਿੱਤਾ ਗਿਆ ਹੈ। ਇਸ ਵਾਰ ਭਾਰਤੀ ਅਮਰੀਕੀ ਮਿਸ ਅਮਰੀਕਾ-2014 ਨੀਨਾ ਦਾਵੁ-ਲੂਰੀ ਅਤੇ ਭਾਰਤੀ ਅਮਰੀਕੀ ਸ਼ੈਫ ਮਨੀਤ ਚੌਹਾਨ ਨੂੰ ਵਾਈਟ ਹਾਊਸ ਵਿਚ ਆਯੋਜਿਤ ਹੋਣ ਵਾਲੇ ਸਾਲਾਨਾ 'ਈਸਟਰ ਐੱਗ ਰੋਲ' ਸਮਾਗਮ ਦੇ ਲਈ ਸੱਦਾ ਭੇਜਿਆ ਗਿਆ ਹੈ। ਸਮਾਗਮ ਵਿਚ ਈਸਟਰ ਤੋਂ ਇਲਾਵਾ ਦੂਜੇ ਸਾਲ ਲਗਾਤਾਰ ਯੋਗ ਦਾ ਸੈਸ਼ਨ ਆਯੋਜਿਤ ਕੀਤਾ ਜਾਵੇਗਾ। 'ਈਸਚਰ ਐੱਗ ਰੋਲ' ਦਾ ਆਯੋਜਨ 21 ਅਪ੍ਰੈਲ ਨੂੰ ਵਾਈਟ ਹਾਊਸ ਦੇ ਸਾਊਥ ਲੌਨ ਵਿਚ ਹੋਵੇਗਾ। ਪ੍ਰਥਮ ਮਹਿਲਾ ਦੇ ਸਮਰਥਨ ਵਿਚ 'ਲੈਟਸ ਮੂਵ..!' ਪ੍ਰੋਗਰਾਮ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿਚ ਸਿਹਤ ਅਤੇ ਖੁਸ਼ਹਾਲੀ ਨਾਲ ਜੁੜੀਆਂ ਗੱਲਾਂ ਦਾ ਪ੍ਰਚਾਰ ਕੀਤਾ ਜਾਵੇਗਾ। ਸਮਾਗਮ ਦਾ ਵਿਸ਼ਾ 'ਹੋਮ ਇਨਟੂ ਹੈਲਥੀ ਸਵਿੰਗ ਇਨਟੂ ਸ਼ੇਪ' ਹੋਵੇਗਾ। ਪੂਰੇ ਦਿਨ ਚੱਲਣ ਵਾਲੇ ਸਮਾਗਮ ਵਿਚ ਦੇਸ਼ ਭਰ ਤੋਂ ਕਰੀਬ 30000 ਲੋਕ ਸ਼ਾਮਲ ਹੋਣਗੇ ਅਤੇ ਇਨ੍ਹਾਂ ਵਿਚ ਸੰਗੀਤ, ਖੇਡ, ਪਾਕ ਕਲਾ, ਕਥਾਵਾਚਨ ਅਤੇ ਜ਼ਾਹਿਰ ਤੌਰ 'ਚੇ



ਈਸਟਰ ਐੱਗ ਰੋਲ ਵਰਗੇ ਪ੍ਰੋਗਰਾਮ ਹੋਣਗੇ। ਇਸ ਸਾਲ ਪ੍ਰੋਗਰਾਮ ਵਿਚ ਵਿਸ਼ੇਸ਼ ਮਹਿਮਾਨ ਦੇ ਰੂਪ ਵਿਚ 12 ਸਾਲਾ ਗਾਇਕ ਕੈਮ ਐਂਥਨੀ ਹੋਣਗੇ। ਐਂਥਨੀ ਅਮਰੀਕਾ ਦਾ ਰਾਸ਼ਟਰੀ ਗੀਤ ਗਾਉਣਗੇ। ਇਸ ਤੋਂ ਇਲਾਵਾ 'ਰਾਕ' ਐਨ 'ਐੱਗ ਰੋਲ ਸਟੇਜ' ਪ੍ਰੋਗਰਾਮ ਵਿਚ ਪ੍ਰਸਤੁਤੀ ਦੇਣਗੇ।

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

61-01 Broadway, Woodside NY 11377

ਵੱਲੋਂ

# ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ 123ਵੇਂ ਜਨਮ ਦਿਹਾੜੇ ਅਤੇ ਮਹਾਨ ਵਿਦਵਾਨ ਗਿਆਨੀ ਦਿੱਤ ਸਿੰਘ ਜੀ ਦੇ ਜਨਮ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



ਡਾ. ਅੰਬੇਦਕਰ

ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਹਾਨ ਵਿਦਵਾਨ ਗਿਆਨੀ ਦਿੱਤ ਸਿੰਘ ਜੀ ਦਾ ਜਨਮ ਦਿਹਾੜਾ **27 ਅਪ੍ਰੈਲ** ਦਿਨ ਐਤਵਾਰ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ ਜਨਮ ਦਿਹਾੜਾ **4 ਮਈ**, ਦਿਨ ਐਤਵਾਰ ਨੂੰ ਬੜੀ ਸ਼ਰਧਾ ਨਾਲ ਸ੍ਰੀ ਗੁਰੂ ਰਵਿਦਾਸ ਗੁਰੂ ਘਰ 61-01 ਬਰਾਡਵੇ ਵਿਖੇ ਵਿਸ਼ੇਸ਼ ਦੀਵਾਨ ਸਜਾ ਕੇ ਮਨਾਇਆ ਜਾ ਰਿਹਾ ਹੈ। ਜਿਸ ਵਿਚ 2 ਮਈ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, 4 ਮਈ ਨੂੰ ਸਵੇਰੇ 10 ਵਜੇ ਭੋਗ ਪੈਣ ਉਪਰੰਤ ਦੀਵਾਨ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਜਾਇਆ ਜਾ ਰਿਹਾ ਹੈ, ਜਿਸ ਵਿਚ ਉਚ ਕੋਟੀ ਦੇ ਕੀਰਤਨੀਏ, ਕਥਾਵਾਚਕ, ਢਾਡੀ ਅਤੇ ਬੁਲਾਰੇ ਬਾਬਾ ਸਾਹਿਬ ਅਤੇ ਗਿਆਨੀ ਦਿੱਤ ਸਿੰਘ ਜੀ ਦੇ ਜੀਵਨ ਉਪਦੇਸ਼ ਤੇ ਚਾਨਣਾ ਪਾਉਣ ਲਈ ਪਹੁੰਚ ਰਹੇ ਹਨ। ਸੰਗਤਾਂ ਨੂੰ ਗੁਰੂ ਘਰ ਦੇ ਸਮੂਹ ਪ੍ਰਬੰਧਕੀ ਸੇਵਾਦਾਰਾਂ ਵੱਲੋਂ ਹੁੰਮ ਹੁੰਮਾ ਕੇ ਪਹੁੰਚਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ। ਗੁਰੂ ਕੇ ਲੰਗਰ ਅਤੁੱਟ ਵਰਤਣਗੇ।



ਗਿਆਨੀ ਦਿੱਤ ਸਿੰਘ

## ਧੰਨਵਾਦ ਪੱਤਰ

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨਿਊਯਾਰਕ ਵਿਖੇ ਆਪ ਜੀ ਤਨ,ਮਨ ਅਤੇ ਧੰਨ ਦੇ ਸਹਿਯੋਗ ਨਾਲ਼ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵਲੋਂ 11 ਫਰਵਰੀ ਤੋਂ 23 ਫਰਵਰੀ ਤੱਕ (13 ਦਿਨ) 11 ਅਖੰਡ ਪਾਠਾਂ ਦੀ ਲੜੀ ਅਤੇ 13 ਦਿਨ ਦੇ ਵਿਸ਼ੇਸ਼ ਦੀਵਾਨ ਸਜਾ ਕੇ ਮਨਾਇਆ ਗਿਆ। ਜਿਸ ਵਿੱਚ ਆਪ ਜੀ ਦੀ ਇੱਕਾਤਰਤਾ ਨੇ ਰਿਕਾਰਡ ਤੋੜ ਇਕੱਠ ਬਣਾ ਕੇ ਗੁਰੂ ਘਰ ਦੀਆਂ ਸਾਰੀਆਂ ਸੇਵਾਵਾਂ ਨਿਭਾ ਕੇ ਜਿੱਥੇ ਪ੍ਰਬੰਧਕੀ ਸੇਵਾਦਾਰਾਂ ਨੂੰ ਧੰਨਵਾਦੀ ਬਣਾਇਆ ਉਥੇ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖੁਸ਼ੀਆਂ,ਰਹਿਮਤਾਂ ਨੂੰ ਝੋਲੀ ਵਿੱਚ ਪੁਆ ਕੇ ਜੀਵਨ ਨੂੰ ਸਫਲ ਕੀਤਾ ਹੈ। ਜਦੋਂ ਤੋਂ ਗੁਰੂ ਘਰ ਦੀ ਸੇਵਾ ਸੰਭਾਲ਼ ਆਪ ਜੀ ਨੇ ਸੌਂਪੀ ਹੈ ਉਸ ਵਕਤ ਤੋਂ ਹੀ ਆਪ ਜੀ ਵਲੋਂ ਵਿਸ਼ੇਸ਼ ਸਹਿਯੋਗ ਮਿਲ਼ ਰਿਹਾ ਹੈ ਅਤੇ ਆਉਣ ਵਾਲ਼ੇ ਸਮੇਂ ਵਿੱਚ ਵੀ ਗੁਰੂ ਘਰ ਦੇ ਹਰ ਕਾਰਜ ਵਿੱਚ ਇਸ ਤੋਂ ਵੀ ਵੱਧ ਸਹਿਯੋਗ ਦੀ ਆਪ ਤੋਂ ਆਸ ਕਰਦੇ ਹਾਂ। ਅਸੀਂ ਸਮੂਹ ਸੇਵਾਦਾਰ ਇਹ ਮਹਿਸੂਸ ਕਰਦੇ ਹਾਂ ਕਿ ਇਹ ਸਭ ਕੁਝ ਆਪ ਜੀ ਦੇ ਸਹਿਯੋਗ ਸਦਕਾ ਹੀ ਹੋ ਸਕਿਆ ਹੈ। ਇਸ ਤੇ ਆਪ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ।ਇੰਝ ਮਹਿਸੂਸ ਹੋ ਰਿਹਾ ਹੈ ਕਿ ਅਗਰ ਆਪ ਦੀ ਹਾਜਰੀ ਪ੍ਰੋਗਰਾਮ ਵਿੱਚ ਨਾਂ ਹੁੰਦੀ ਤਾਂ ਇਹ ਪ੍ਰੋਗਰਾਮ ਬੁਲੰਦੀ ਤੇ ਨਾਂ ਪਹੁੰਚਦਾ ।ਸਾਧ ਸੰਗਤ ਜੀ ਗੁਰੂ ਘਰ ਵਿੱਚ ਹਰ ਰੋਜ਼ ਸਵੇਰੇ ਸ਼ਾਮ ਨਿਤ ਨੇਮ ਦੇ ਨਾਲ਼ ਗੁਰਬਾਣੀ ਕੀਰਤਨ ਹੁੰਦਾ ਹੈ ਉੱਥੇ ਆਪ ਜੀ ਦੇ ਸਹਿਯੋਗ ਸਦਕਾ ਹਰ ਸ਼ੁੱਕਰਵਾਰ ਸ਼ਾਮੀਂ 6 ਵਜੇ ਤੋਂ 9 ਵਜੇ ਤੱਕ ਵਿਸ਼ੇਸ਼ ਦੀਵਾਨ ਸ਼ੁਰੂ ਕੀਤੇ ਗਏ ਹਨ ਜਿਨ੍ਹਾਂ ਨੂੰ ਤੁਹਾਡੀ ਭਰਵੀਂ ਹਾਜਰੀ ਹੀ ਸਫਲ ਬਣਾ ਸਕਦੀ ਹੈ ।ਅਸੀਂ ਇਹ ਵੀ ਮਹਿਸੂਸ ਕਰਦੇ ਹਾਂ ਕਿ ਪ੍ਰੋਗਰਾਮ ਵਿੱਚ ਬੜੀਆਂ ਕਮੀਆਂ ਰਹਿ ਜਾਦੀਆਂ ਹਨ ਜਿਨ੍ਹਾਂ ਤੋਂ ਆਪ ਨੇ ਜਾਣੂ ਕਰਵਾਉਣਾ ਹੈ ਤਾਂ ਕਿ ਆਪ ਵਲੋਂ ਮਿਲ਼ੇ ਵਡਮੁੱਲੇ ਸੁਝਾਵਾਂ ਨੂੰ ਗੁਰੂ ਘਰ ਦੇ ਪ੍ਰਬੰਧਕ ਮਾਰਗ ਦਰਸ਼ਕ ਮੰਨ ਕੇ ਇਸ ਤੋਂ ਵੀ ਵਧੀਆ-ਵਧੀਆ ਪ੍ਰੋਗਰਾਮ ਆਪ ਜੀ ਦੇ ਸਹਿਯੋਗ ਨਾਲ਼ ਉਲੀਕਣ ਲਈ ਵਚਨਬੱਧ ਹਾਂ।ਆਪ ਜੀ ਤੋਂ ਆਉਣ ਵਾਲ਼ੇ ਸਮੇਂ ਵਿੱਚ ਇਸ ਤੋਂ ਵੀ ਵੱਧ ਸਹਿਯੋਗ ਦੀ ਆਸ ਨਾਲ਼ ਆਪ ਜੀ ਦੇ ਸੇਵਾਦਾਰ।

*ਜਨਰਲ ਬਾਡੀ ਮੀਟਿੰਗ*
*ਤਰੀਕ 10 ਮਈ 2014 ਦਿਨ ਸ਼ਨੀਵਾਰ*
*ਸਮਾਂ : ਸ਼ਾਮ 4 ਵਜੇ ਤੋਂ 5 ਵਜੇ ਤੱਕ*
*ਸਥਾਨ:- ਸ੍ਰੀ ਗੁਰੂ ਰਵਿਦਾਸ ਟੈਂਪਲ*
*61-01ਬਰਾਡਵੇ ਨਿਊਯਾਰਕ 11377*

ਸਤਿਕਾਰਯੋਗ ਮੈਂਬਰਾਨ ਜੀਓ,

ਸਮੂਹ ਮੈਂਬਰਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੀ ਜਨਰਲ ਬਾਡੀ ਮੀਟਿੰਗ 10 ਮਈ 2014 ਦਿਨ ਸ਼ਨੀਵਾਰ ਨੂੰ ਸ਼ਾਮ 3 ਵਜੇ ਤੋਂ 5 ਵਜੇ ਤੱਕ ਹੋ ਰਹੀ ਹੈ, ਜਿਸ ਵਿੱਚ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਬਾਰੇ ਵਿਚਾਰ ਹੋਵੇਗੀ ।

ਪੂਰੀ ਸਾਲ ਦੀ ਕਾਰਗੁਜਾਰੀ ਅਤੇ ਹੋਰ ਮਸਲੇ ਵੀ ਵਿਚਾਰੇ ਜਾਣਗੇ। ਆਪ ਜੀ ਨੂੰ ਸਮੇਂ ਸਿਰ ਪਹੁਚਣ ਦੀ ਬੇਨਤੀ ਕੀਤੀ ਜਾਂਦੀ ਹੈ।

# ਨਿਰਮਲ ਸਿੰਘ, ਪ੍ਰਧਾਨ (437-538-8296)

## ਗੁਰੂ ਘਰ ਦਾ ਸੰਪਰਕ ਨੰਬਰ

## 718- 898- 8150 ਫੈਕਸ- 718-898-0932

# Shri Guru Ravidass Temple New York

AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



Prop: Jasbir Singh Takhar
510-755-2132

We Do Complete Engine Transmission, Body and Paint Work We Sell Used Cars at a Good Price

Free Estimates
Free Towing



Harmandeep Singh

510- 733- 2222
1421 Industrial PKWY West#F Hayward, CA 94544



TANDOOR
Indian Restaurant
27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.

BUFFET LUNCH 11:00 AM TO 3:00 PM.

WE ARE OPEN SEVEN DAYS 11AM TO 10PM



ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

Contact Us:
Ph. 510-885-1212,
Fax 510-885-1532



Surinder Koka
www.haywardtandoor.com




Maharishi Valmik

"On the 26th January 1950, we are going to enter into a life of contradictions. In politics we will have equality and in social and economic life we will have inequality & we must remove this contradiction at the earliest possible moment or else those who suffer inequality will blow up the structure of political democracy which this Assembly has so laboriously built up". *-Dr. Ambedkar*



Dr. B. R. Ambedkar

# Heartiest congratulations on Dr. Ambedkar's 123rd birth anniversary

*Managing Committee:* Prem Sondhi President 530-751-3887, Santokh Singh Gill Vice President 530-740-3056, Avinash Sondhi, Cashier 530-301-1157, Gurpal Singh Chairman 916-873-0311, Balbir Singh Thaper Vice Chairman 916-607-4650, Vinod Gill Cashier 530-822-9587, Sohan Lal Sahota Secretary 530-674-9766, Sodi Ram Nahar Vice Secretary 707-704-5216

# Maharishi Valmik Sabha of USA, (California)

ਦੇਸ਼ ਦੁਆਬਾ

ਇਤਿਹਾਸ ਦੇ ਝਰੋਖੇ 'ਚੋਂ

### ਬਾਬਾ ਮੰਗੂ ਰਾਮ ਮੁੱਗੋਵਾਲੀਆਂ ਜੀ ਦੀ 34ਵੀ ਬਰਸੀ ਤੇ ਵਿਸ਼ੇਸ਼

# ਆਦਿ ਧਰਮ ਪ੍ਰਤੀ ਕੁਝ ਮਹੱਤਵਪੂਰਨ ਜਾਣਕਾਰੀ

**ਤਰਸੇਮ ਜਲੰਧਰੀ**

ਆਦਿ ਧਰਮ ਭਾਰਤ ਦੇ ਮੂਲਵਾਸੀਆਂ ਦਾ ਧਰਮ ਹੈ, ਜਿਹਨਾਂ ਨੂੰ ਅੱਜ ਦਲਿਤ ਵਰਗ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਆਦਿ ਧਰਮ ਦੀ ਸਥਾਪਨਾ, ਆਦਿ ਧਰਮ ਮੰਡਲ ਪੰਜਾਬ ਦੀ ਪਹਿਲੀ ਕਾਨਫਰੰਸ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਪਿੰਡ ਮੁੱਗੋਵਾਲ (ਜ਼ਿਲ੍ਹਾ ਹੁਸ਼ਿਆਰਪੁਰ) ਨੇੜੇ ਮਾਹਿਲਪੁਰ ਬਾੜੀਆਂ ਵਿਖੇ ਉਹਨਾਂ ਦੀ ਪ੍ਰਧਾਨਗੀ ਹੇਠ ਹੋਈ ਸੀ। ਬਾਬੂ ਮੁੱਗੋਵਾਲੀਆ ਨੇ ਕਦੇ ਵੀ ਆਪਣੇ ਆਪ ਨੂੰ ਸੰਤ ਸਾਧੂ ਮਹਾਤਮਾ ਨਹੀਂ ਕਹਾਇਆ। ਜਰਮਨੀ 1928 ਵਿਚ ਰਾਇਲ ਕਮਿਸ਼ਨ, ਜਦੋਂ ਭਾਰਤ ਆਇਆ ਤਾਂ ਬਾਬੂ ਮੁੱਗੋਵਾਲੀਆ ਨੇ ਆਪਣੇ ਹਜ਼ਾਰਾਂ ਆਦਿ ਧਰਮੀ ਸਾਥੀਆਂ ਨੂੰ ਨਾਲ ਲੈ ਕੇ ਆਪਣੀ ਕੌਮ ਦਾ ਦੁੱਖ ਦਰਦ ਪੇਸ਼ ਕੀਤਾ। ਇਸ ਤਰ੍ਹਾਂ ਅਕਤੂਬਰ 1928 ਨੂੰ ਸਾਈਮਨ ਕਮਿਸ਼ਨ ਭਾਰਤ ਆਇਆ ਤਾਂ ਬਾਬੂ ਮੁੱਗੋਵਾਲੀਆ ਨੇ ਆਦਿ ਧਰਮ ਮੰਡਲ ਪੰਜਾਬ ਦੇ ਅਹੁਦੇਦਾਰਾਂ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਵਿਸ਼ਾਲ ਜਥਾ ਲੈ ਕੇ ਕੌਮ ਵੱਲੋਂ ਕਿਹਾ ਕਿ ਅਸੀਂ ਭਾਰਤ ਦੇ ਅਸਲ ਵਸਨੀਕ ਹਾਂ ਤੇ ਹਿੰਦੂ ਸਾਡੇ ਨਾਲ ਸਦੀਆਂ ਤੋਂ ਗੈਰ ਇਨਸਾਨੀ ਵਤੀਰਾ ਕਰ ਰਹੇ ਹਨ। 1929 ਵਿਚ ਪੰਜਾਬ ਦਾ ਗਵਰਨਰ ਜਨਰਲ ਆਇਆ ਤਾਂ ਉਸ ਨੂੰ ਇਕ ਵਿਸ਼ਾਲ ਜਲਸੇ ਦੀ ਸ਼ਕਲ ਵਿਚ ਪੇਸ਼ ਹੋ ਕੇ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ। ਅਕਤੂਬਰ 10, 1929 ਨੂੰ ਸਰਕਾਰ ਸਾਹਮਣੇ ਪੇਸ਼ ਹੋ ਕੇ ਇਸ ਗੱਲ ਤੋਂ ਜਾਣੂ ਕਰਵਾ ਦਿੱਤਾ ਗਿਆ ਕਿ ਆਉਣ ਵਾਲੀ ਮਰਦਮਸ਼ੁਮਾਰੀ ਅੰਦਰ ਮੂਲਵਾਸੀਆਂ ਨੂੰ ਹਿੰਦੂਆਂ ਵਿਚ ਨਾ ਗਿਣਿਆ ਜਾਵੇ। ਅਸੀਂ ਹਿੰਦੂ ਨਹੀਂ ਹਾਂ ਬਲਕਿ ਆਦਿ ਧਰਮੀ ਹਾਂ। ਭਾਵ ਭਾਰਤ ਦੇ ਆਦਿ ਕਾਲ ਤੋਂ ਵਾਸੀ ਹਾਂ ਤੇ ਸਾਡਾ ਧਰਮ ਆਦਿ ਧਰਮ ਹੈ। 1930 ਵਿਚ ਆਦਿ ਧਰਮ ਮੰਡਲ ਪੰਜਾਬ ਰਜਿਸਟਰਡ ਹੋ ਗਿਆ। ਜਿਸਦਾ ਮੁੱਖ ਦਫਤਰ ਜਲੰਧਰ ਰੱਖਿਆ ਗਿਆ। ਉਸ ਸਥਾਨ ਤੇ ਅੱਜ ਸ੍ਰੀ ਗੁਰੂ ਰਵਿਦਾਸ ਹਾਈ ਸਕੂਲ ਅਤੇ ਆਰਟ ਐਂਡ ਕਰਾਫਟ ਲੜਕੀਆਂ ਲਈ ਕਾਲਜ ਹੈ। 1930 ਵਿਚ ਫਿਰ ਜਨਗਣਨਾ ਸ਼ੁਰੂ ਹੋਣ ਤੋਂ ਪਹਿਲਾਂ ਦੱਸਿਆ ਗਿਆ ਕਿ ਸਾਡਾ ਧਰਮ ਆਦਿ ਧਰਮ ਅਤੇ ਕੌਮ ਆਦਿ ਧਰਮੀ। 1931 ਦੀ ਮਰਦਮਸ਼ੁਮਾਰੀ ਵੇਲੇ ਭਾਰਤ ਦੇ ਮੂਲ ਵਾਸੀਆਂ ਨੇ ਆਪਣਾ ਧਰਮ ਆਦਿ ਧਰਮ ਲਿਖਾ ਕੇ ਇਕ ਨਵਾਂ ਇਤਿਹਾਸ ਸਿਰਜਿਆ। ਭਾਰਤੀ ਇਤਿਹਾਸ ਅੰਦਰ ਇਕ ਨਵੀਂ ਕੌਮ ਦਾ ਨਾਂ ਅਤੇ ਇਕ ਨਵੇਂ ਧਰਮ ਦਾ ਨਾਂ ਸੁਨਹਿਰੀ ਪੰਨਿਆ ਵਿਚ ਅੰਕਿਤ ਹੋ ਗਿਆ। ਉਸ ਵਕਤ 4,78,779 ਅਛੂਤ ਭਰਾਵਾਂ ਨੇ ਆਪਣਾ ਧਰਮ ਆਦਿ ਧਰਮ ਲਿਖਾਇਆ। ਜਿਸ ਨਾਲ ਅਖੌਤੀ ਸਵਰਨ ਵਰਗਾਂ ਨੇ ਆਦਿ ਧਰਮ ਲਿਖਾਉਣ ਵਾਲਿਆਂ ਦਾ ਸਮਾਜਿਕ ਬਾਈਕਾਟ ਕਰ ਦਿੱਤਾ। ਪਰ ਆਦਿ ਧਰਮੀਆਂ ਨੇ ਆਪਣੇ ਰੋਹ ਵਿਚ ਉਹਨਾਂ ਦਾ ਤੇਈਕਾਟ ਕਰ ਦਿੱਤਾ ਤੇ ਆਪਣੇ ਧਰਮ ਉਤੇ ਡਟੇ ਰਹੇ। ਇਸ ਤਰ੍ਹਾਂ ਆਦਿ ਧਰਮ ਮੰਡਲ ਪੰਜਾਬ ਦੀ ਆਪਣੀ ਕੌਮ ਅਤੇ ਧਰਮ ਪ੍ਰਮਾਣਿਤ ਕਰ ਲੈਣ ਨਾਲ ਇਕ ਇਤਿਹਾਸਕ ਜਿੱਤ ਹੋਈ। ਜਿਸ ਕਰਕੇ ਲੋਕਾਂ ਦਾ ਹੋਰ ਭਰਵਾਂ ਹੁੰਗਾਰਾ ਮਿਲਿਆ। 1932 ਦੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਹਿੰਦੂਆਂ, ਸਿੱਖਾਂ, ਇਸਾਈਆਂ ਅਤੇ ਮੁਸਲਮਾਨਾਂ ਦੀ ਤਰ੍ਹਾਂ ਆਦਿ ਵਾਸੀਆਂ ਦਲਿਤਾਂ ਵੱਲੋਂ ਬਾਬਾ ਸਾਹਿਬ ਡਾਕਟਰ ਅੰਬੇਦਕਰ ਆਗੂ ਦੇ ਤੌਰ ਤੇ ਪਹੁੰਚੇ। ਪਰ ਮਹਾਤਮਾ ਗਾਂਧੀ ਨੇ ਡਾਕਟਰ ਅੰਬੇਦਕਰ ਦਾ ਵਿਰੋਧ ਕੀਤਾ ਅਤੇ ਇਹ ਸਿੱਧ ਕਰਨ ਲਈ ਅਸਫਲ ਕੋਸ਼ਿਸ਼ ਕੀਤੀ ਕਿ ਉਹ (ਗਾਂਧੀ) ਹੀ ਦਲਿਤਾਂ ਦੇ ਅਸਲੀ ਨੇਤਾ ਹਨ। ਦੂਸਰੀ ਤਰਫ ਬਾਬਾ ਸਾਹਿਬ ਕਹਿ ਰਹੇ ਸਨ ਕਿ ਦਲਿਤਾਂ ਦਾ ਸਹੀ ਅਤੇ ਅਸਲੀ ਨੇਤਾ ਮੈਂ ਹਾਂ। ਮੈਂ ਉਹਨਾਂ ਵਿਚੋਂ ਪੈਦਾ ਹੋਇਆ ਹਾਂ। ਆਦਿ ਧਰਮ ਮੰਡਲ ਪੰਜਾਬ ਵੱਲੋਂ ਅਨੇਕਾਂ ਟੈਲੀਗਰਾਮ ਉਸ ਵਕਤ ਲੰਡਨ ਭੇਜੀਆਂ ਗਈਆਂ ਕਿ ਸਾਡਾ ਨੇਤਾ ਸਿਰਫ ਬਾਬਾ ਸਾਹਿਬ ਡਾਕਟਰ ਅੰਬੇਦਕਰ ਹੀ ਹੈ ਅਤੇ ਗਾਂਧੀ ਨਹੀਂ। ਅਖੀਰ ਗਾਂਧੀ ਦਾ ਅੜੀਅਲਪਣ ਵੋਟਾਂ ਤੇ ਆ ਗਿਆ, ਜਿਸ ਵਿਚ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੇ ਮਹਾਤਮਾ ਗਾਂਧੀ ਨੂੰ ਸੱਤ ਵੋਟਾਂ ਦੇ ਫਰਕ ਨਾਲ ਹਰਾ ਹੀ ਨਹੀਂ ਦਿੱਤਾ ਬਲਕਿ ਪੂਰੀ ਦੁਨੀਆਂ ਨੂੰ ਦਿਖਾ ਦਿੱਤਾ ਕਿ ਹਿੰਦੂ ਅਤੇ ਆਦਿ ਧਰਮੀ ਅਲੱਗ-ਅਲੱਗ ਲੋਕ ਹਨ। ਅਪ੍ਰੈਲ 1932 ਵਿਚ ਲੋਥੀਆਨ ਕਮੇਟੀ ਭਾਰਤ ਆਈ ਤਾਂ ਇਕ ਲੱਖ ਤੋਂ ਵੱਧ ਆਦਿ ਧਰਮੀ ਲਾਲ ਪੱਗਾਂ ਬੰਨ੍ਹ ਕੇ ਇਕ ਵਿਸ਼ਾਲ ਜਲੂਸ ਦੀ ਸ਼ਕਲ ਵਿਚ ਲੋਥੀਅਨ ਕਮੇਟੀ ਨੂੰ ਮਿਲੇ ਤਾਂ ਸਰ ਲੋਥੀਅਨ ਨੇ ਪੁੱਛਿਆ ਕਿ ਇਹ ਲੋਕ ਕੌਣ ਹਨ ਤਾਂ ਬਾਬਾ ਸਾਹਿਬ ਨੇ ਕਿਹਾ ਕਿ ਇਹ ਉਹ ਲੋਕ ਹਨ ਜਿਹਨਾਂ ਦਾ ਮੈਂ ਨੇਤਾ ਹਾਂ। ਜਦੋਂ ਭਾਰਤ ਦੇ ਦਲਿਤ ਲੋਕ ਆਪਣੀਆਂ ਅਸਫਲਤਾਵਾਂ ਵਿਚ ਹੋਰ ਸਫਲਤਾ ਦਰਜ ਕਰਦੇ ਜਾ ਰਹੇ ਸਨ ਤਾਂ ਸ੍ਰੀ ਗਾਂਧੀ ਨੇ ਪੂਨਾ ਵਿਖੇ ਮਰਨ ਵਰਤ ਰੱਖ ਦਿੱਤਾ ਕਿ ਇਹਨਾਂ ਨੂੰ ਹਿੰਦੂਆਂ ਤੋਂ ਵੱਖ ਰੱਖ ਕੇ ਹੱਕ ਨਾ ਦਿੱਤੇ ਜਾਣ। ਦੂਸਰੀ ਤਰਫ ਬਾਬੂ ਮੁੱਗੋਵਾਲੀਆ ਹਜ਼ਾਰਾਂ ਦੀ ਗਿਣਤੀ ਵਿਚ ਆਪਣਾ ਜਥਾ ਲੈ ਕੇ ਸ਼ਿਮਲਾ ਵਿਚ ਕਿੰਗ ਜਾਰਜ ਨੂੰ ਮਿਲੇ ਤੇ ਇਕ ਖੁੱਲ੍ਹਾ ਪੱਤਰ ਦਿੱਤਾ ਗਿਆ, ਜਿਸ ਵਿਚ ਲਿਖਿਆ ਸੀ ਕਿ ਭਾਰਤ ਦੀਆਂ ਅਨੁਸੂਚਿਤ ਜਾਤੀਆਂ ਲਈ ਵੱਖਰੇ ਚੋਣ ਖੇਤਰ ਐਲਾਨੇ ਜਾਣ, ਨਹੀਂ ਤਾਂ ਪੰਜਾਬ ਵਿਚ ਵੱਡੇ ਪੱਧਰ ਤੇ ਗੜਬੜ ਮਚਾ ਦਿਆਂਗੇ, ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਸਾਡੇ ਲੋਕ ਮੇਰੇ ਵਿਚ ਵਿਸ਼ਵਾਸ ਰੱਖਦੇ ਹਨ ਤੇ ਮੈਂ ਉਹਨਾਂ ਵਿਚ ਵਿਸ਼ਵਾਸ ਰੱਖਦਾ ਹਾਂ। ਇਸ ਨਾਲ ਬਾਬਾ ਸਾਹਿਬ ਦੀ ਸਥਿਤੀ ਹੋਰ ਮਜ਼ਬੂਤ ਹੋ ਗਈ। ਸ੍ਰੀ ਗਾਂਧੀ ਵੱਖਰੇ ਚੋਣ ਖੇਤਰ ਦੇਣ ਦੇ ਹੱਕ ਵਿਚ ਨਹੀਂ ਸਨ ਪਰ ਮੁੱਗੋਵਾਲੀਆ ਚੰਗੀ ਤਰ੍ਹਾਂ ਸਮਝਦੇ ਸਨ ਕਿ ਵਿਧਾਨ ਸਭਾ ਜਾਂ ਲੋਕ ਸਭਾ ਵਿਚ ਪਹੁੰਚਣ ਲਈ ਜੇਕਰ ਹਿੰਦੂ ਸੀਟਾਂ ਤੇ ਹੀ ਲੜੇ ਤਾਂ ਆਦਿ ਧਰਮ ਕਦੇ ਹਿੰਦੂ ਧਰਮ ਤੋਂ ਆਜ਼ਾਦ ਨਹੀਂ ਰਹਿ ਸਕਦਾ ਸੀ। ਇਸ ਲਈ ਆਪਣੇ ਧਰਮ ਆਦਿ ਧਰਮ ਦੀ ਹੋਂਦ ਬਰਕਰਾਰ ਰੱਖਣ ਲਈ ਡਟੇ ਰਹੇ।

ਬਾਬਾ ਸਾਹਿਬ ਡਾਕਟਰ ਅੰਬੇਦਕਰ ਨੂੰ ਮਾਰਨ ਦੀਆਂ ਧਮਕੀਆਂ ਵੀ, ਕੁਝ ਆਰੀਆਂ ਨੇ ਦੇਣੀਆਂ ਸ਼ੁਰੂ ਕਰ ਦਿੱਤੀਆਂ ਕਿਉਂਕਿ ਮਰਨ ਵਰਤ ਤੇ ਬੈਠੇ ਸ੍ਰੀ ਗਾਂਧੀ ਦੀ ਹਾਲਤ ਖਰਾਬ ਹੋ ਰਹੀ ਸੀ। ਖਾਸ ਕਰਕੇ ਰਾਜਨੀਤਿਕ ਤੌਰ ਤੇ ਉਹ ਨਹੀਂ ਸੀ ਚਾਹੁੰਦੇ ਕਿ ਆਦਿ ਧਰਮੀ ਹਿੰਦੂ ਧਰਮ ਤੋਂ ਬਾਹਰ ਜਾਣ। ਆਖਿਰ ਗਾਂਧੀ ਅੰਬੇਦਕਰ ਦਰਮਿਆਨ ਸਮਝੌਤਾ ਹੋ ਗਿਆ ਜੋ ਪੂਨਾ ਪੈਕਟ ਨਾਲ ਜਾਣਿਆ ਜਾਂਦਾ ਹੈ। ਪੂਨਾ ਪੈਕਟ ਪਹਿਲਾਂ ਇਸ ਗੱਲ ਦੀ ਗਰੰਟੀ ਨਹੀਂ ਦੇ ਰਿਹਾ ਸੀ ਕਿ ਅਛੂਤਾਂ ਨੂੰ ਵੱਖਰੀਆਂ ਸੀਟਾਂ ਮਿਲਣ। ਆਖਿਰ 175 ਸੀਟਾਂ ਹਿੱਸੇ ਆਈਆਂ, ਜਿਸ ਵਿਚੋਂ ਪੰਜਾਬ ਲਈ ਅੱਠ ਸਨ। ਇਸ ਖੁਸ਼ੀ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਜਲੰਧਰ ਸ਼ਹਿਰ ਵਿਚ ਇਕ ਵਿਸ਼ਾਲ ਇਕੱਠ ਵਿਚ ਜੂਸ ਪੀ ਕੇ ਮਰਨ ਵਰਤ ਉਦੋਂ ਤਿਆਗਿਆ ਜਦੋਂ ਇਸ ਗੱਲ ਦੀ ਤਸੱਲੀ ਹੋ ਗਈ ਕਿ ਉਹਨਾਂ ਅਨੁਸਾਰ ਵੱਖਰੇ ਖੇਤਰ ਦਿੱਤੇ ਗਏ ਹਨ। ਇਸ ਮੌਕੇ ਉਹਨਾਂ ਇਹਨਾਂ ਸ਼ਬਦਾਂ ਨੂੰ ਦੁਹਰਾਇਆ ਜੇ ਗਾਂਧੀ ਆਪਣੇ ਲੋਕਾਂ ਲਈ ਮਰ ਸਕਦਾ ਹੈ ਤਾਂ ਮੈਂ ਵੀ ਆਪਣੇ ਲੋਕਾਂ ਲਈ ਮਰ ਮਿਟਣ ਲਈ ਤਿਆਰ ਹਾਂ। 1937 ਵਿਚ ਪੰਜਾਬ ਦੀ ਪਹਿਲੀ ਇਲੈਕਸ਼ਨ ਹੋਈ, ਜਿਸ ਵਿਚ ਆਦਿ ਧਰਮ ਮੰਡਲ ਪੰਜਾਬ ਨੇ ਅੱਠ ਦੀਆਂ ਅੱਠ ਸੀਟਾਂ ਤੇ ਜਿੱਤ ਹਾਸਲ ਕਰਕੇ ਨਵਾਂ ਇਤਿਹਾਸ ਸਿਰਜਿਆ। ਆਦਿ ਧਰਮ ਦੀ ਬਦੌਲਤ ਹੀ ਬਾਬਾ ਸਾਹਿਬ ਡਾਕਟਰ ਅੰਬੇਦਕਰ ਭਾਰਤ ਪੱਧਰ ਦੇ ਨੇਤਾ ਬਣੇ। ਆਦਿ ਧਰਮ ਦੀ ਬਦੌਲਤ ਪੰਜਾਬ ਅੰਬੇਦਕਰੀ ਅੰਦੋਲਨ ਦਾ ਕੇਂਦਰ ਬਣਿਆ। ਆਦਿ ਧਰਮ ਨੇ 'ਦ ਪੰਜਾਬ ਲੈਂਡ ਏਲੀਨੇਸ਼ਨ ਐਕਟ' ਅਨੁਸਾਰ ਭਾਰਤ ਦੀਆਂ ਮੂਲ ਨਿਵਾਸੀ ਕੌਮਾਂ ਨੂੰ ਆਪਣੇ ਘਰਾਂ ਅਤੇ ਜਾਇਦਾਦਾਂ ਦਾ ਮਾਲਕ ਬਣਾਇਆ। ਜਦੋਂ ਅੰਦੋਲਨ ਜ਼ੋਰਾਂ ਤੇ ਸੀ ਤਾਂ ਵਿਰੋਧੀ ਅਖ਼ਬਾਰ ਖ਼ਬਰ ਲਾ ਕੇ ਖੁਸ਼ ਨਹੀਂ ਸਨ ਤਾਂ ਮੰਡਲ ਨੇ ਆਪਣਾ ਅਖ਼ਬਾਰ ਹਫਤਾਵਾਰ 'ਆਦਿ ਡੰਕਾ' ਚਲਾਇਆ ਜੋ 1951 ਤੱਕ ਜਾਰੀ ਰਿਹਾ ਸੀ। 1941 ਦੀ ਜਨਗਣਨਾ ਵਿਚ ਫਿਰ ਆਦਿ ਧਰਮ ਨੇ ਆਪਣੀ ਪਕੜ ਮਜ਼ਬੂਤ ਹੀ ਨਹੀਂ ਕੀਤੀ ਬਲਕਿ ਗਿਣਤੀ ਨੂੰ ਵੀ ਵਧਾਇਆ। ਭਾਰਤ ਦੀ ਆਜ਼ਾਦੀ ਵਿਚ ਵੀ ਅਹਿਮ ਰੋਲ ਸੀ। ਆਦਿ ਧਰਮ ਦੇ ਪ੍ਰਧਾਨ ਬਾਬਾ ਮੁੱਗੋਵਾਲੀਆ ਨੂੰ ਦੋ ਵਾਰ ਬ੍ਰਿਟਿਸ਼ ਸਰਕਾਰ ਵੱਲੋਂ ਫਾਂਸੀ ਦੇ ਹੁਕਮ ਹੋਏ ਪਰ ਉਹ ਆਪਣੇ ਸਾਥੀਆਂ ਵੱਲੋਂ ਛੁਡਾਏ ਜਾਣ ਕਾਰਨ ਬਚ ਨਿਕਲੇ, ਪਰ ਅੰਗਰੇਜ਼ ਸਰਕਾਰ ਦੇ ਰਿਕਾਰਡ ਵਿਚ ਫਾਂਸੀ ਚੜ੍ਹਾ ਦਿੱਤੇ ਗਏ। ਆਦਿ ਧਰਮ ਵੱਲੋਂ ਕੌਮ ਵਿਚ ਅਨਪੜ੍ਹਤਾ ਦੂਰ ਕਰਨ ਲਈ ਵਿੱਦਿਆ ਦੇ ਪਸਾਰ ਲਈ ਸਕੂਲ ਖੋਲ੍ਹੇ ਗਏ। ਆਦਿ ਧਰਮ ਦੇ ਲੀਡਰਾਂ ਨੇ ਮਜ਼ਦੂਰਾਂ ਦੀ ਦਿਹਾੜੀ ਦੋ ਆਨੇ ਤੋਂ ਡੇਢ ਰੁਪਏ ਕਰਵਾਈ। ਉਸ ਵਕਤ ਇਹ ਬਹੁਤ ਵੱਡੀ ਗੱਲ ਸੀ। ਬਾਲ ਅਵਸਥਾ ਵਿਚ ਲੜਕੀ ਲੜਕੇ ਦੀ ਸ਼ਾਦੀ ਤੇ ਰੋਕ ਲੁਆਈ। ਪੰਜਾਬ ਵਿਚ 'ਆਦਿ ਧਰਮੀਆਂ' ਵਿਚ ਜ਼ਿਆਦਾ ਜਾਗਰਤੀ ਦਾ ਕਾਰਨ ਆਦਿ ਧਰਮ ਮੰਡਲ ਦਾ ਪ੍ਰਚਾਰ ਸੀ। ਇਹੀ ਵਜ੍ਹਾ ਹੈ ਕਿ ਜਦੋਂ ਬਾਬਾ ਸਾਹਿਬ ਪਹਿਲੀ ਵਾਰ ਪੰਜਾਬ ਆਏ ਤਾਂ ਉਹਨਾਂ ਜਲੰਧਰ (ਜਿੱਥੇ ਅੱਜਕਲ੍ਹ ਡਾਕਟਰ ਅੰਬੇਦਕਰ ਭਵਨ ਹੈ) ਲੈਕਚਰ ਦਿੱਤਾ ਤਾਂ ਆਪਣੇ ਲੋਕਾਂ ਨੂੰ ਦੇਖ ਕੇ ਹੈਰਾਨੀ ਪ੍ਰਗਟ ਕੀਤੀ ਕਿ ਮੈਨੂੰ ਯਕੀਨ ਨਹੀਂ ਆ ਰਿਹਾ ਕਿ ਆਪ ਸਭ ਮੇਰੇ ਭੈਣ ਭਰਾ ਹੋ, ਕਿਉਂਕਿ ਤੁਹਾਡੇ ਚਿਹਰੇ ਅਤੇ ਪਹਿਰਾਵਾ ਇਹ ਸਿੱਧ ਕਰਦਾ ਹੈ ਕਿ ਮੈਨੂੰ ਪਹਿਲਾਂ ਇੱਥੇ ਆਉਣਾ ਚਾਹੀਦਾ ਸੀ। ਆਦਿ ਧਰਮ ਮੰਡਲ ਪੰਜਾਬ ਨੇ ਕੌਮ ਨੂੰ ਇਕ ਕੌਮ ਦਾ ਨਾਂ ਦਿੱਤਾ। 'ਆਦਿ ਧਰਮ' ਨੂੰ ਸਰਕਾਰੀ ਮਾਨਤਾ ਦਿਵਾਈ। ਆਪਣੇ ਆਦਿ ਰਹਿਬਰਾਂ ਬਾਰੇ ਵੀ ਦੱਸਿਆ ਕਿ ਸਾਡੇ ਵਿਚੋਂ ਗੁਰੂ ਰਵਿਦਾਸ, ਗੁਰੂ ਕਬੀਰ ਸਾਹਿਬ, ਗੁਰੂ ਨਾਮਦੇਵ ਜੀ ਤੇ ਮਹਾਂਰਿਸ਼ੀ ਵਾਲਮੀਕ ਹੋਏ ਹਨ ਜਿਹਨਾਂ ਸਰਬੱਤ ਦੇ ਭਲੇ ਦੀ ਗੱਲ ਕੀਤੀ ਸੀ। ਦੂਸਰੀ ਇਕ ਦੂਸਰੇ ਨੂੰ ਮਿਲਣ ਸਮੇਂ ਜੈ ਗੁਰਦੇਵ, ਧੰਨ ਗੁਰੂ ਦੇਵ ਬੁਲਾਉਣਾ ਤੇ ਤੀਸਰਾ 'ਸੋਹੰ' ਆਪਣੇ ਗੁਰੂ ਘਰਾਂ ਜਾਂ ਨਿਸ਼ਾਨ ਸਾਹਿਬ ਵਿਚ ਲਿਖਣਾ। ਆਦਿ ਧਰਮ ਮੰਡਲ ਨੇ ਹਰ ਗੱਲ ਤਰਕ ਨਾਲ ਲੋਕਾਂ ਨੂੰ ਪਹੁੰਚਾਈ ਤੇ ਇਹ ਸਿੱਧ ਕਰ ਦਿੱਤਾ ਕਿ ਭਾਰਤ ਦੇ ਮੂਲਵਾਸੀ ਭਾਰਤ ਦੇ ਅਸਲੀ ਵਸਨੀਕ ਹਨ ਤੇ ਆਰੀਆਂ ਗੈਰ ਭਾਰਤੀ ਭਾਵ ਬਾਹਰੋਂ ਆ ਕੇ ਭਾਰਤ ਵਿਚ ਵੱਸੇ ਹਨ। ਜਿਸ ਦੀਆਂ ਅਨੇਕਾਂ ਉਦਾਹਰਣਾਂ ਆਰੀਆਂ ਦੇ ਪ੍ਰਮੁੱਖ ਵਿਅਕਤੀਆਂ ਦੀਆਂ ਹੱਥ ਲਿਖਤਾਂ ਤੋਂ ਮਿਲਦੀਆਂ ਹਨ।

ਜਨਵਰੀ 26, 1952 ਨੂੰ ਭਾਰਤ ਦਾ ਆਪਣਾ ਸੰਵਿਧਾਨ ਲਾਗੂ ਹੋਇਆ, ਜਿੱਥੇ ਇਸ ਗੱਲ ਦੀ ਖੁਸ਼ੀ ਹੈ ਉਥੇ ਧਾਰਾ 25 ਨੇ ਆਦਿ ਧਰਮ, ਬੁੱਧ ਧਰਮ, ਜੈਨ ਧਰਮ ਅਤੇ ਸਿੱਖ ਧਰਮ ਨੂੰ ਹਿੰਦੂ ਧਰਮ ਵਿਚ ਹੀ ਗਿਣਿਆ। ਈਸਾਈ ਧਰਮ ਅਤੇ ਇਸਲਾਮ ਧਰਮ ਅਲੱਗ ਰੱਖੇ ਗਏ। ਇਸ ਗੱਲ ਦਾ ਉਦੋਂ ਵੀ ਵਿਰੋਧ ਰਿਹਾ ਤੇ ਅੱਜ ਵੀ ਹੈ ਤੇ ਭਵਿੱਖ ਵਿਚ ਵੀ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਇਸ ਧਾਰਾ ਨੂੰ ਖਤਮ ਨਹੀਂ ਕਰ ਦਿੱਤਾ ਜਾਂਦਾ।


## Shri Guru Ravidass Sabha Bay Area, California



We congratulate to all on Dr. Ambedkar's 123rd birth anniversary & we would like to request you all to join us to celebrate Baba Sahib Dr. Ambedkar's 123rd birth anniversary on Sunday, April 27, 2014 at 10:00 am at the NEWARK PAVILION, 6430 Thornton Avenue, Newark, CA 94560.

**For more information, you may contact:**

Mohinder singh Mahi
President
408-643-9052

VINOD Chumber
vice chairman
510-219-5672

Anita rank
Treasurer
510-706-8501

Kewal singh
510-299-6418

Santokh saroya
Gen. seceratry
408-509-9697


Nationwide®
AUTO HOME LIFE
BUNDLE & SAVE UPTO 25%
Let Nationwide combine your auto, home and life insurance policies. You'll get our famous On Your Side ® service and you could save up to 25%. To learn more about combining your policies, call us today.
Nationwide® Insurance
www.nationwide.com/jhamat
Manjinder S Jhamat
Jhamat Insurance Agency
1743 Grand Canal Blvd. Suite 12
Stockton CA 95207
(209) 472-2061
jhamatm@nationwide.com
Products underwritten by Nationwide Mutual Insurance Company and Affiliated Companies, Columbus, OH. Subject to underwriting guidelines, review and approval. Nationwide, the Nationwide Framemark, and On Your Side are service marks of Nationwide Mutual Insurance Company. Saving compared to standalone price of each policy, based on national new customer data from May 2010. Availability and discounts vary by state and other factors. ADP-1230 (06/11)
Manjinder S Jhamat


INDIA BAZAAR
Jai Ram Gaught
Harjit Gaught (Happy)
Indian, Pakistani & Fijjian Groceries
We are open 7 DAYS A WEEK TIME : 9:00 A.M. TO 8:30 P.M.
WE ACCEPT FOOD STAMPS
RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।
Email: indiabazaar08@yahoo.com
1304-E HAMMER LANE, Suite 12, STOCKTON CA, 95210


FREE WiFi
Ram Gopal
Annabelle's
Pizza & Pasta Kitchen
200 "J" Street
Sacramento, CA 95814
(916) 448-6239
BIG SCREEN TV
IN OLD SACRAMENTO
Annabelle's
Pizza & Pasta Kitchen
PIZZA, PASTA, SPAGHETTI, BAKED MACARONI & CHEESE, SALAD BAR (16 Varieties)
Italian Buffets, Indian Foods. (Italian Buffet $6.99)
Hall free for Jago, Birth Day & Wedding Parties.
Seven days open from 11 AM to 4 PM
Features All you can eat italian Buffet
(Our Dough is Freshly Rolled Daily and Made of the Finest Ingredients)
Now Serving Beer &Wine!
$5 DISCOUNT PARKING VALIDATION
ANNABELLE'S Downstairs
2nd Street
J Street
HANDICAP RAMP
PARKING AREA
Ram Gopal
Varieties of Video Games Available
Variety of Sandwiches are also available
Ram Gopal (916) 448-6239
200 "J" Street, Sacramento, CA 95814


website : www.worldwidetrvls.com
World Wide Travels
SPECIAL FARE
SFO-DEL (Round Trip) only $ 615
fee and taxes may apply
Lufthansa
SINGAPORE AIRLINES
ASIANA AIRLINES
BRITISH AIRWAYS
CATHAY PACIFIC
UNITED AIRLINES
CHINA AIRLINES
Coupon
$10 Discount Per ticket
Must Present this Coupon
SERVICES
*Airline Tickets
• ਏਅਰ ਲਾਈਨ ਟਿਕਟ
* International and Domestic Tickets
• ਕੌਮਾਂਤਰੀ ਅਤੇ ਘਰੇਲੂ ਟਿਕਟਾਂ
*Visa Service
• ਵੀਜ਼ਾ ਸਰਵਿਸ
*Vacation Packages
• ਵਿਕੇਸ਼ਨ ਪੈਕਜ
*Passport Services
• ਪਾਸਪੋਰਟ ਸਰਵਿਸ
*Bus Tickets (Delhi-Punjab)
• ਬੱਸ ਟਿਕਟ
WE ACCEPT
DISCOVER
MasterCard
VISA
552 N. PALORA AVE. SUITE E
YUBA CITY, CA-95991
Ph. : (530) 674-4710
Fax. : (530) 673-7374
DISCOUNTED FARE
INDIA to USA
worldwidetravels@sbcglobal.net

# Kash FABRICS

## ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

### ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ
ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ
ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ,
ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ
ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ
ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।




BRIDAL
BOUTIQUE
JEWELRY


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

## KASH FABRICS

ONE STOP SHOPPING CENTER

29576 Mission Blvd, Hayward, CA 94544
Visit us on the Web at www.kashfabrics.com

**Phone: 510-538-1138**



# HAPPY TRAVELS AGENCY


Harjit (Happy)
Agency Owner
HappyTravels Agency

Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and
All Over The World

Email: happytravelsusa@yahoo.com
PHONE: 209-594-8473
E-FAX: 877-623-6177

1743 GRAND CANAL BLVD
12 STOCKTON, CA 95207



Mikasa
HOMES & FUNDING

## Rakesh Chander

Mikasa Homes & Funding
1601 S. De Anza Blvd, Suite 118
Cupertino, CA 95014


Rakesh Chander
Realtor

Cell: (916) 698-3808
Fax: (916) 725-5812

Mikasa Homes & Funding
DRE Lic.: 01866732

Email: mchander@comcast.net, Web: www.mikasafunding.com





We congratulate to all on Dr. Ambedkar's 123rd birth anniversary & we would like to request you all to join us to celebrate Baba Sahib Dr. Ambedkar's 123rd birth anniversary at 6:00pm, Venue: Veteran's Memorial Community Building, 1425 Veteran's Memorial Circle, Yuba City (California) 95991 on April 20, 2014

Heartiest congratulations
on Dr. Ambedkar's 123rd
birth anniversary

# Parshotam Sood

## Chairman



**(530) 845-4508**

# Shri Guru Ravidass Temple Yuba City, California



We congratulate to all on Dr. Ambedkar's 123rd birth anniversary & we would like to request you all to join us to celebrate Baba Sahib Dr. Ambedkar's 123rd birth anniversary at 6:00pm, Venue: Veteran's Memorial Community Building, 1425 Veteran's Memorial Circle, Yuba City (California) 95991 on April 20, 2014

Heartiest congratulations on Dr. Ambedkar's 123rd birth anniversary

# Balwinder Ralh

## Vice Chairman

**(916) 425-2705**



Mrs. and Mr. Balwinder Ralh

## Shri Guru Ravidass Temple Yuba City, California)

We congratulate to all on Dr. Ambedkar's 123rd birth anniversary & we would like to request you all to join us to celebrate Baba Sahib Dr. Ambedkar's 123rd birth anniversary at 6:00pm, Venue: Veteran's Memorial Community Building, 1425 Veteran's Memorial Circle, Yuba City (California) 95991 on April 20, 2014



Heartiest congratulations on Dr. Ambedkar's 123rd birth anniversary



# INDERJIT PADPAGGA

## Treasurer

Shri Guru Ravidass Sabha Sacramento (California)

**1-916-276-2538**



We congratulate all on Dr. Ambedkar's 123rd birth anniversary & we would like to request you all to join us to celebrate Baba Sahib Dr. Ambedkar's 123rd birth anniversary at 6:00pm, Venue: Veteran's Memorial Community Building, 1425 Veteran's Memorial Circle, Yuba City (California) 95991 on April 20, 2014

# Kewal Bolina

Former President

Heartiest congratulations on Dr. Ambedkar's 123rd birth anniversary

**916- 548-8902**



## Shri Guru Ravidass Temple Yuba City, California



We congratulate all on Dr. Ambedkar's 123rd birth anniversary & we would like to request you all to join us to celebrate Baba Sahib Dr. Ambedkar's 123rd birth anniversary at 6:00pm, Venue: Veteran's Memorial Community Building, 1425 Veteran's Memorial Circle, Yuba City (California) 95991 on April 20, 2014

# Mrs. Debo Bains Chairperson

# Avtar Bains Former Treasurer

Heartiest congratulations on Dr. Ambedkar's 123rd birth anniversary



## Shri Guru Ravidass Sabha Pittsburg, California

# ਧੰਨੇ ਜਾਟ ਕਾ ਹਰਿਸੋ ਹੇਤ, ਬਿਨਾ ਬੀਜ ਕੇ ਨਿਪਜਾ ਖੇਤ।

# ਸਤਿਗੁਰੂ ਧੰਨਾ ਜੀ



ਐਚ.ਐਲ.ਕਪੂਰ
1 (289)-401-0728

ਸਤਿਗੁਰੂ ਧੰਨਾ ਜੀ ਦਾ ਜਨਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ 53 ਸਾਲ ਪਹਿਲਾਂ 20 ਅਪ੍ਰੈਲ 1415 ਈਸਵੀ ਨੂੰ ਪਿੰਡ ਧੂਆਂ ਕਲਾਂ (ਧੁਆਨ ਕਲਾਂ) ਨੇੜੇ ਡਿਓਲੀ ਸ਼ਹਿਰ, ਜ਼ਿਲ੍ਹਾ ਟੌਂਕ, ਰਾਜਿਸਥਾਨ ਵਿਖੇ ਹੋਇਆ। ਉਹਨਾਂ ਦੇ ਪਿਤਾ ਜੀ ਦਾ ਨਾਂ ਭਾਈ ਪੰਨਾ ਜੀ ਤੇ ਮਾਤਾ ਜੀ ਦਾ ਨਾਂ ਮਾਈ ਰੀਵਾ ਜੀ ਸੀ।ਇੱਥੇ ਡਾ: ਪੀਮਾ ਰਾਮ ਜੀ ਜਨਮ ਸਥਾਨ ਮਿਤੀ ਤੇ ਸੰਨ ਨਾਲ ਤਾਂ ਪੂਰੀ ਤਰ੍ਹਾਂ ਸਹਿਮਤ ਹਨ ਪਰ ਮਾਤਾ-ਪਿਤਾ ਦੇ ਨਾਮ ਨਾਲ ਸਹਿਮਤ ਨਹੀਂ ਹਨ, ਉਹ ਸਤਿਗੁਰੂ ਧੰਨਾ ਜੀ ਦੇ ਪਿਤਾ ਦਾ ਨਾਮ ਸ੍ਰੀ ਰਾਮੇਸ਼ਵਰ ਹਰਚਤਵਾਲ, (ਗੋਤਰ ਹਰਚਤਵਾਲ), ਹਿੰਦੂ ਜਾਟ ਤੇ ਮਾਤਾ ਜੀ ਦਾ ਨਾਮ ਗੰਗਾਵਾਈ, ਜਿਹਨਾਂ ਦਾ ਗੋਤਰ ਗੜਵਾਲ ਸੀ, ਦੱਸਦੇ ਹਨ।

ਕਈ ਵਿਦਵਾਨ ਸਤਿਗੁਰੂ ਧੰਨਾ ਜੀ ਦੇ ਜਨਮ ਸਥਾਨ ਬਾਰੇ ਆਪਣੀ ਅਲੱਗ ਰਾਏ ਰੱਖਦੇ ਹਨ, ਉਹ ਕਹਿੰਦੇ ਹਨ ਕਿ ਉਹਨਾਂ ਦਾ ਜਨਮ ਜਾਟ ਹਿੰਦੂ ਪਰਿਵਾਰ ਵਿਚ, ਜਿਹਨਾਂ ਦਾ ਗੋਤਰ ਧਾਲੀਵਾਲ ਸੀ ਤੇ ਪਿੰਡ ਚੋਹਰੂ, ਜ਼ਿਲ੍ਹਾ ਟੌਂਕ ਰਾਜਿਸਥਾਨ ਵਿਚ ਹੋਇਆ। ਇੱਥੇ ਇਕ ਮੱਤ ਹੋਰ ਵੀ ਹੈ ਕਿ ਸਤਿਗੁਰੂ ਧੰਨਾ ਜੀ ਦਾ ਜਨਮ ਪਿੰਡ ਚੋਹਰੂ, ਤਸੀਲ ਫਾਗੂ, ਜ਼ਿਲ੍ਹਾ ਜੈਪੁਰ, ਰਾਜਿਸਥਾਨ ਵਿਖੇ ਸਦੀ 3 ਵਿਸਾਖ ਸੰਮਤ 1472 ਨੂੰ ਸ੍ਰੀ ਰਾਮੇਸ਼ਵਰ ਜਾਟ ਗੋਤਰ ਹਰਚਤਵਾਲ ਸੀ ਤੇ ਮਾਤਾ ਜੀ ਗੰਗਾਵਾਈ ਜੀ ਦੇ ਘਰ ਹੋਇਆ।

ਸਤਿਗੁਰੂ ਧੰਨਾ ਜੀ ਦਾ ਵਿਆਹ ਕੈਰੋਂ ਗੋਤਰ ਵਿਚ ਹੋਇਆ। ਉਹ ਅਜੇ ਬਚਪਨ ਵਿਚ ਹੀ ਸਨ, ਜਦੋਂ ਉਹਨਾਂ ਦੇ ਪਿਤਾ ਅਭੈਨਗਰ ਜਿਸ ਨੂੰ ਅੱਜਕਲ੍ਹ ਧੂਆਂ ਕਲਾਂ (ਧੁਆਨ ਕਲਾਂ) ਕਹਿੰਦੇ ਹਨ ਜੋ ਡਿਓਲੀ ਸ਼ਹਿਰ ਦੇ ਨੇੜੇ ਹੈ ਤੇ ਜ਼ਿਲ੍ਹਾ ਟੌਂਕ, ਰਾਜਿਸਥਾਨ ਹੈ, ਵਿਖੇ ਆਣ ਵਸੇ ਸਨ। ਸਤਿਗੁਰੂ ਧੰਨਾ ਜੀ ਆਪਣੇ ਮਾਤਾ ਪਿਤਾ ਦੇ ਇਕਲੌਤੇ ਪੁੱਤਰ ਸਨ।

ਉਹਨਾਂ ਦਾ ਜਨਮ ਇਕ ਹਿੰਦੂ ਜਾਟ ਪਰਿਵਾਰ ਵਿਚ ਹੋਇਆ ਜੋ ਕਿਸਾਨੀ ਦਾ ਧੰਦਾ ਕਰਦੇ ਸਨ ਤੇ ਬਹੁਤ ਹੀ ਗਰੀਬ ਸਨ। ਸਤਿਗੁਰੂ ਧੰਨਾ ਜੀ ਨੂੰ ਗਰੀਬੀ ਕਾਰਨ ਕਿਸੇ ਵੀ ਸਕੂਲ ਵਿਚ ਜਾਣ ਦਾ ਮੌਕਾ ਨਹੀਂ ਮਿਲਿਆ। ਉਹ ਬਿਲਕੁਲ ਅਨਪੜ੍ਹ ਸਨ। ਉਹ ਬਚਪਨ ਵਿਚ ਆਪਣੇ ਪਿਤਾ ਜੀ ਨਾਲ ਖੇਤੀ ਦਾ ਧੰਦਾ ਕਰਵਾਉਂਦੇ ਸਨ ਤੇ ਅਕਸਰ ਗਊਆਂ ਆਦਿ ਨੂੰ ਵੀ ਖੇਤਾਂ ਵਿਚ ਰੋਜ਼ ਚਾਰਾ ਚਰਨ ਲਈ ਲੈ ਜਾਇਆ ਕਰਦੇ ਸਨ। ਇਸ ਪਰਿਵਾਰ ਨੇ ਆਪਣਾ ਜੀਵਨ ਨਿਰਬਾਹ ਖੇਤੀਬਾੜੀ ਕਰਕੇ ਕੀਤਾ। ਬਚਪਨ ਤੋਂ ਹੀ ਉਹ ਬਹੁਤ ਸਾਦਗੀ ਪਸੰਦ ਸਨ ਤੇ ਬੜੇ ਅਗਾਂਹਵਧੂ ਖਿਆਲਾਂ ਦੇ ਸਨ। ਬਚਪਨ ਤੋਂ ਹੀ ਉਹਨਾਂ ਦੀ ਸੰਗਤ ਸਾਧੂ-ਸੰਤਾਂ ਨਾਲ ਤੇ ਉਹਨਾਂ ਤੋਂ ਉਹ ਪ੍ਰਮਾਤਮਾ ਬਾਰੇ ਗਿਆਨ ਹਾਸਲ ਕਰਨ ਦੀ ਇੱਛਾ ਰੱਖਦੇ ਸਨ।

ਘਰੋਂ ਅਕਸਰ ਉਹ ਆਪਣੇ ਖੇਤਾਂ ਵਿਚ ਕੰਮ ਕਰਨ ਲਈ ਰੋਜ਼ ਜਾਂਦੇ ਸਨ। ਰਸਤੇ ਵਿਚ ਇਕ ਠਾਕਰ ਦੁਆਰਾ ਸੀ। ਇਸ ਠਾਕਰ ਦੁਆਰੇ ਵਿਚ ਬਹੁਤ ਸਾਰੀਆਂਮੂਰਤੀਆਂ ਰੱਖੀਆਂ ਹੋਈਆਂ ਸਨ। ਇਹ ਠਾਕਰ ਦੁਆਰਾ ਇਕ ਕੱਚੇ ਤਲਾਬ ਦੇ ਕਿਨਾਰੇ ਸੀ। ਧੰਨਾ ਜੀ ਪੰਡਿਤ ਨੂੰ ਠਾਕਰਾਂ ਦੀ ਪੂਜਾ ਕਰਦੇ, ਇਸ਼ਨਾਨ ਕਰਾਉਂਦੇ ਤੇ ਘੰਟੀਆਂ ਖੜਕਾਉਂਦੇ ਰੋਜ਼ ਦੇਖਦਾ ਸੀ। ਉਥੇ ਲੋਕ ਵੀ ਰੋਜ਼ ਉਹਨਾਂ ਮੂਰਤੀਆਂ ਨੂੰ ਮੱਥਾ ਟੇਕਦੇ, ਪੂਜਾ ਕਰਦੇ ਤੇ ਭੇਟਾ ਚੜ੍ਹਾਉਂਦੇ ਸਨ। ਧੰਨਾ ਜੀ ਰੋਜ਼ ਕਾਫੀ ਦਿਨਾਂ ਤੱਕ ਇਸ ਤਰ੍ਹਾਂ ਠਾਕਰ ਦੁਆਰੇ ਜਾਂਦੇ ਤੇ ਸਭ ਕੁਝ ਦੇਖਦੇ ਰਹੇ ਪਰ ਅਨਪੜ੍ਹ ਤੇ ਗਿਆਨ ਘੱਟ ਹੋਣ ਕਰਕੇ ਉਹ ਕੁਝ ਸਮਝ ਨਾ ਸਕੇ ਕਿ ਇਹ ਲੋਕ ਤੇ ਪੰਡਿਤ ਇਸ ਤਰ੍ਹਾਂ ਕਿਉਂ ਕਰਦੇ ਹਨ। ਇਕ ਦਿਨ ਧੰਨਾ ਜੀ ਨੇ ਪੰਡਿਤ ਨੂੰ ਪੁੱਛ ਹੀ ਲਿਆ ਕਿ ਤੁਸੀਂ ਮੂਰਤੀਆਂ ਦੇ ਅੱਗੇ ਬੈਠ ਕੇ ਕੀ ਕਰਦੇ ਹੋ? ਪੰਡਿਤ ਨੇ ਕਿਹਾ, ਮੈਂ ਠਾਕਰਾਂ ਦੀ ਸੇਵਾ ਕਰਦਾ ਹਾਂ। ਇਸ ਨਾਲ ਮੇਰੀਆਂ ਮਨੋਕਾਮਨਾਵਾ ਪੂਰੀਆਂ ਹੁੰਦੀਆਂ ਹਨ। ਧੰਨਾ ਜੀ ਨੇ ਪੰਡਿਤ ਤੋਂ ਠਾਕਰ ਮੰਗ ਲਿਆ ਕਿ ਇਕ ਠਾਕਰ ਮੈਨੂੰ ਦੇ ਦਿਓ। ਪੰਡਿਤ ਨੇ ਧੰਨਾ ਜੀ ਤੋਂ ਪਿੱਛਾ ਛੁਡਵਾਉਣ ਲਈ ਇਕ ਪੱਥਰ ਕੱਪੜੇ ਵਿਚ ਲਪੇਟ ਕੇ ਉਹਨਾਂ ਨੂੰ ਦੇ ਦਿੱਤਾ।

ਧੰਨਾ ਜੀ ਨੇ ਘਰ ਜਾ ਕੇ ਪੱਥਰ ਨੂੰ ਠਾਕਰ ਸਮਝ ਕੇ ਇਸ਼ਨਾਨ ਕਰਾਇਆ, ਭੋਗ ਲਗਾਉਣ ਲਈ ਕਹਿਣ ਲੱਗੇ। ਉਸ ਦੀਆਂ ਮਿੰਨਤਾਂ ਕਰਨ ਲੱਗਾ। ਧੰਨਾ ਜੀ ਨੇ ਕਸਮ ਖਾਧੀ ਕਿ ਠਾਕਰ ਜੀ ਅਗਰ ਤੁਸੀਂ ਨਹੀਂ ਖਾਓਗੇ ਤਾਂ ਮੈਂ ਵੀ ਕੁਝ ਨਹੀਂ ਖਾਵਾਂਗਾ ਤੇ ਭੁੱਖਾ ਹੀ ਰਹਾਂਗਾ। ਧੰਨਾ ਜੀ ਦਾ ਇਸ ਪ੍ਰਣ ਦੇਖ ਕੇ ਪ੍ਰਭੂ ਪ੍ਰਗਟ ਹੋਏ ਤੇ ਰੋਟੀ ਖਾਧੀ ਤੇ ਲੱਸੀ ਵੀ ਪੀਤੀ। ਇਸ ਤਰ੍ਹਾਂ ਧੰਨਾ ਜੀ ਨੇ ਆਪਣੇ ਭੋਲੇ ਮਨ ਨਾਲ ਪੂਜਾ ਕੀਤੀ ਤੇ ਸਾਫ ਮਨ ਨਾਲ ਪੱਥਰ ਵਿਚੋਂ ਵੀ ਭਗਵਾਨ ਨੂੰ ਪ੍ਰਾਪਤ ਕਰ ਲਿਆ।ਜਦੋਂ ਧੰਨਾ ਜੀ ਦੀ ਪ੍ਰਭੂ ਨਾਲ ਲਗਨ ਲੱਗੀ ਤਾਂ ਉਸ ਦੇ ਮਾਤਾ-ਪਿਤਾ ਬੁੱਢੇ ਹੋ ਚੁੱਕੇ ਸੀ ਤੇ ਉਹ ਘਰ ਵਿਚ ਉਹਨਾਂ ਦਾ ਇਕੱਲਾ ਪੁੱਤਰ ਸੀ। ਉਹਨਾਂ ਨੂੰ ਖਿਆਲ ਆਇਆ ਕਿ ਜੇਕਰ ਇਸ ਤਰ੍ਹਾਂ ਕਰਨ ਨਾਲ ਸਭ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ ਤਾਂ ਉਹ ਜ਼ਰੂਰ ਕਰੇਗਾ। ਇਸ ਨਾਲ ਉਸ ਦੀ ਘਰ ਦੀ ਗਰੀਬੀ ਚਲੀ ਜਾਵੇਗੀ ਅਤੇ ਸੁੱਖ ਦਾ ਸਾਹ ਆਵੇਗਾ। ਇਹੋ ਸੋਚ ਕੇ ਹੀ ਉਹ ਪੰਡਿਤ ਪਾਸ ਗਏ ਸੀ। ਪੰਡਿਤ ਨੇ ਪਹਿਲਾਂ ਠਾਕਰ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਜਾਟ ਇਤਨਾ ਬੁੱਧੀਮਾਨ ਨਹੀਂ ਹੈ ਜੋ ਠਾਕੁਰ ਦੀ ਪੂਜਾ ਕਰ ਸਕੇ। ਦੂਸਰਾ ਤੁਸੀਂ ਅਨਪੜ੍ਹ ਹੋ। ਤੀਸਰੀ ਗੱਲ ਇਹ ਹੈ ਕਿ ਠਾਕੁਰ ਜੀ ਮੰਦਿਰ ਤੋਂ ਬਿਨਾਂ ਨਹੀਂ ਰਹਿ ਸਕਦੇ ਤੇ ਨਾ ਹੀ ਪ੍ਰਸੰਨ ਹੁੰਦੇ ਹਨ। ਇਸ ਲਈ ਤੁਸੀਂ ਜ਼ਿੱਦ ਨਾ ਕਰੋ ਔਰ ਜਾਓ ਖੇਤਾਂ ਦੀ ਸੰਭਾਲ ਕਰੋ ਤੇ ਖੇਤੀ ਵਿਚ ਆਪਣਾ ਮਨ ਲਗਾਓ। ਬ੍ਰਾਹਮਣ ਦਾ ਕੰਮ ਹੈ ਪੂਜਾ-ਪਾਠ ਕਰਨਾ ਅਤੇ ਜਾਟ ਦਾ ਕੰਮ ਹੈ ਅਨਾਜ ਪੈਦਾ ਕਰਨਾ।

ਪ੍ਰੰਤੂ ਧੰਨਾ ਜੀ ਟੱਸ ਤੋਂ ਮੱਸ ਨਾ ਹੋਇਆ। ਆਪਣੀ ਪਿਟਾਈ ਦੇ ਡਰ ਤੋਂ ਪੰਡਿਤ ਨੇ ਜੋ ਸਾਲਗਰਾਮ ਮੰਦਰ ਵਿਚ ਫਾਲਤੂ ਪਿਆ ਸੀ, ਉਹ ਉਨ੍ਹਾਂ ਨੂੰ ਦੇ ਦਿੱਤਾ ਤੇ ਪਾਠ-ਪੂਜਾ ਦੀ ਵਿਧੀ ਵੀ ਸਮਝਾ ਦਿੱਤੀ। ਪੂਰੀ ਰਾਤ ਧੰਨਾ ਜੀ ਨੂੰ ਨੀਂਦ ਨਹੀਂ ਆਈ। ਉਹ ਸਾਰੀ ਰਾਤ ਸੋਚਦਾ ਰਿਹਾ ਕਿ ਉਹ ਠਾਕੁਰ ਨੂੰ ਕਿਵੇਂ ਖੁਸ਼ ਕਰੇਗਾ ਤੇ ਉਸ ਪਾਸੋਂ ਕੀ ਮੰਗੇਗਾ। ਸਵੇਰੇ ਉੱਠ ਕੇ ਧੰਨਾ ਜੀ ਨੇ ਇਸ਼ਨਾਨ ਕੀਤਾ ਤੇ ਠਾਕੁਰ ਨੂੰ ਇਸ਼ਨਾਨ ਕਰਵਾਇਆ। ਭਗਤੀ ਭਾਵਨਾ ਵਿਚ ਆ ਕੇ ਲੱਸੀ ਰਿੜਕੀ ਤੇ ਰੋਟੀ ਪਕਾਈ। ਧੰਨਾ ਜੀ ਨੇ ਪ੍ਰਾਰਥਨਾ ਕੀਤੀ, ਹੇ ਪ੍ਰਭੂ! ਭੋਗ ਲਗਾਓ! ਮੇਰੇ ਗਰੀਬ ਕੋਲ ਰੋਟੀ, ਲੱਸੀ ਅਤੇ ਮੱਖਣ ਹੀ ਹੈ, ਹੋਰ ਕੁਝ ਨਹੀਂ। ਜਦੋਂ ਹੋਰ ਚੀਜ਼ਾਂ ਦਿਓਗੇ ਤਾਂ ਉਹ ਵੀ ਤੁਹਾਡੇ ਅੱਗੇ ਰੱਖ ਦਿਆਂਗਾ। ਧੰਨਾ ਜੀ ਠਾਕੁਰ ਮੋਹਰੇ ਬੈਠ ਕੇ ਸਭ ਕੁਝ ਦੇਖਦੇ ਰਹੇ। ਹੁਣ ਪੱਥਰ ਭੋਜ ਕਿਸ ਤਰ੍ਹਾਂ ਖਾ ਸਕਦਾ ਸੀ? ਪੰਡਿਤ ਤਾਂ ਭੋਗ ਦਾ ਬਹਾਨਾ ਲਾ ਕੇ ਸਾਰੀ ਸਮੱਗਰੀ ਘਰ ਲੈ ਜਾਂਦਾ ਸੀ। ਪਰ ਭਲੇ ਤੇ ਭੋਲ਼ੇ-ਭਾਲ਼ੇ ਧੰਨਾ ਜੀ ਨੂੰ ਇਸ ਗੱਲ ਦਾ ਕੋਈ ਗਿਆਨ ਨਹੀਂ ਸੀ। ਧੰਨਾ ਜੀ ਬਿਆਕੁਲ ਹੋ ਕੇ ਕਹਿਣ ਲੱਗੇ ਕੀ ਤੁਸੀਂ ਜਾਟ ਦਾ ਭੋਜਨ ਨਹੀਂ ਖਾਂਦੇ? ਪੰਡਿਤ ਦੇ ਪਾਸ ਤਾਂ ਤੁਸੀਂ ਇਤਨੀ ਦੇਰ ਨਹੀਂ ਲਾਉਂਦੇ ਸੀ। ਅਗਰ ਤੁਸੀਂ ਪ੍ਰਸ਼ਾਦ ਨਹੀਂ ਖਾਧਾ ਤਾਂ ਮੈਂ ਮਰ ਜਾਊਂਗਾ ਤੇ ਤੁਹਾਡੇ ਤੋਂ ਬਿਨਾਂ ਨਹੀਂ ਰਹੂੰਗਾ।

ਪ੍ਰਮਾਤਮਾ ਜਾਣਦੇ ਸੀ ਕਿ ਇਹ ਮੇਰਾ ਸੱਚਾ-ਸੁੱਚਾ ਤੇ ਨਿਰਮਲ ਭਗਤ ਹੈ। ਇਸ ਨੂੰ ਕੋਈ ਛੱਲ-ਕਪਟ ਨਹੀਂ ਆਉਂਦਾ। ਇਸ ਲਈ ਮੈਨੂੰ ਪ੍ਰਗਟ ਹੋਣਾ ਹੀ ਪਵੇਗਾ। ਸਮਾਂ ਬੀਤਣ ਤੇ ਧੰਨਾ ਜੀ ਦੇਖਦੇ ਹਨ ਕਿ ਸ੍ਰੀ ਕ੍ਰਿਸ਼ਨ ਰੂਪ ਭਗਵਾਨ ਜੀ ਰੋਟੀ ਮੱਖਣ ਦੇ ਨਾਲ ਖਾ ਰਹੇ ਹਨ ਤੇ ਲੱਸੀ ਪੀ ਰਹੇ ਹਨ। ਭੋਜਨ ਖਾਣ ਤੋਂ ਬਾਅਦ ਪ੍ਰਭੂ ਬੋਲੇ ਧੰਨੇ ਜੋ ਇੱਛਾ ਹੈ ਮੰਗ ਲਓ, ਮੈਂ ਤੇਰੇ ਤੇ ਬਹੁਤ ਪ੍ਰਸੰਨ ਹਾਂ। ਧੰਨਾ ਜੀ ਨੇ ਪ੍ਰਭੂ ਨੂੰ ਹੱਥ ਜੋੜ ਕੇ ਬੇਨਤੀ ਕੀਤੀ- ਭਾਵ ਕਿਹਾ ਕਿ - ਜੋ ਤੁਹਾਡੀ ਭਗਤੀ ਕਰਦੇ ਹਨ ਤੁਸੀਂ ਉਹਨਾਂ ਦੇ ਸਾਰੇ ਕੰਮ ਸੁਆਰ ਦਿੰਦੇ ਹੋ। ਮੈਨੂੰ ਕਣਕ, ਦਾਲ, ਘਿਓ ਆਦਿ ਦੇ ਦਿਓ। ਮੈਂ ਖੁਸ਼ ਹੋ ਜਾਵਾਂਗਾ ਅਗਰ ਤੁਸੀਂ ਮੈਨੂੰ ਕੱਪੜੇ ਪੈਰਾਂ ਵਿਚ ਪਾਉਣ ਲਈ ਜੁੱਤੀ, ਸੱਤ ਪ੍ਰਕਾਰ ਦੇ ਅਨਾਜ, ਗਊ ਜਾਂ ਮੱਝ, ਸਵਾਰੀ ਕਰਨ ਲਈ ਘੋੜੀ ਅਤੇ ਘਰ ਦੀ ਦੇਖਭਾਲ ਕਰਨ ਲਈ ਸੁੰਦਰ ਨਾਰੀ ਦੇ ਦਿਓਗੇ ਤਾਂ।

ਧੰਨਾ ਜੀ ਦੇ ਇਹ ਬਚਨ ਸੁਣ ਕੇ ਪ੍ਰਭੂ ਜੀ ਹੱਸ ਪਏ ਤੇ ਬੋਲੇ ਇਹ ਸਭ ਵਸਤੂਆਂ ਤੁਹਾਨੂੰ ਮਿਲ ਜਾਣਗੀਆਂ।

ਪ੍ਰਭੂ ਬੋਲੇ- ਹੋਰ ਕੁਝ?

ਪ੍ਰਭੂ ਜੀ! ਮੈਂ ਜਦੋਂ ਵੀ ਤੁਹਾਨੂੰ ਯਾਦ ਕਰਾਂ ਤੁਸੀਂ ਮੈਨੂੰ ਦਰਸ਼ਨ ਦੇ ਦੇਣਾ। ਅਗਰ ਮੈਨੂੰ ਕਿਸੇ ਚੀਜ਼ ਦੀ ਲੋੜ ਪਈ ਤਾਂ ਮੈਂ ਤੁਹਾਨੂੰ ਦੱਸਾਂਗਾ।

ਸਭ ਠੀਕ ਹੈ! ਪ੍ਰਭੂ ਜੀ ਨੇ ਉੱਤਰ ਦਿੱਤਾ।

ਹੇ ਪ੍ਰਭੂ! ਧੰਨਾ ਅੱਜ ਤੋਂ ਤੇਰਾ ਸਾਰੀ ਉਮਰ ਲਈ ਸੇਵਕ ਹੋ ਗਿਆ ਹੈ। ਤੁਹਾਡੇ ਤੋਂ ਬਿਨਾਂ ਕਿਸੇ ਹੋਰ ਦਾ ਨਾਮ ਨਹੀਂ ਲਊਗਾ। ਧੰਨਾ ਜੀ ਖੁਸ਼ੀ ਵਿਚ ਦੀਵਾਨੇ ਹੋ ਗਏ। ਉਨ੍ਹਾਂ ਦੀਆਂ ਅੱਖਾਂ ਬੰਦ ਹੋ ਗਈਆਂ। ਜਦ ਅੱਖਾਂ ਖੋਲ-ੀਆਂ ਤਾਂ ਪ੍ਰਭੂ ਜੀ ਉੱਥੇ ਨਹੀਂ ਸਨ। ਉਹ ਪੱਥਰ ਦਾ ਸਾਲਗਰਾਮ ਉੱਥੇ ਹੀ ਪਿਆ ਸੀ। ਧੰਨਾ ਜੀ ਨੇ ਬਰਤਨ ਵਿਚ ਪਿਆ ਪ੍ਰਸਾਦ ਖਾਧਾ ਤੇ ਉਸਨੂੰ ਤਿੰਨ ਲੋਕ ਦਾ ਗਿਆਨ ਹੋ ਗਿਆ।



ਪ੍ਰਮਾਤਮਾ ਦੇ ਦਰਸ਼ਨ ਹੋਣ ਦੇ ਕੁਝ ਦਿਨਾਂ ਬਾਅਦ ਹੀ ਧੰਨਾ ਜੀ ਦੇ ਘਰ ਸਾਰੀਆਂ ਖੁਸ਼ੀਆਂ ਆ ਗਈਆਂ। ਇਕ ਅੱਛੇ ਅਮੀਰ ਘਰ ਵਿਚ ਵਿਆਹ ਹੋ ਗਿਆ। ਉਸ ਦੇ ਖੇਤਾਂ ਵਿਚ ਬਿਨਾਂ ਕੋਈ ਬੀਜ ਬੀਜਿਆਂ ਫਸਲ ਲਹਿਰਾਉਣ ਲੱਗ ਪਈ। ਅਨਾਜ ਦੇ ਦਾਣੇ ਜੋ ਖੇਤਾਂ ਵਿਚ ਬੀਜਣੇ ਸਨ ਉਹ ਭੁੱਖੇ ਸਾਧੂਆਂ-ਫਕੀਰਾਂ ਨੂੰ ਢਿੱਡ ਭਰਨ ਲਈ ਦੇ ਦਿੱਤੇ ਤੇ ਅਨਾਜ ਦੇ ਦਾਣੇ ਨਾ ਬੀਜਣ ਕਾਰਨ, ਖੇਤਾਂ ਵਿਚ ਤੁੰਮੇ ਉੱਗ ਪਏ ਤੇ ਜਦ ਉਹਨਾਂ ਨੂੰ ਤੋੜਿਆ ਜਾਂਦਾ ਤਾਂ ਉਸ ਵਿਚੋਂ ਅਨਾਜ ਦੇ ਦਾਣੇ ਨਿਕਲੇ, ਜਦੋਂ ਕਿ ਤੁੰਮੇ ਕੌੜੇ ਹੁੰਦੇ ਹਨ ਤੇ ਉਹਨਾਂ ਨੂੰ ਅਵਾਰਾ ਪਸ਼ੂ ਜਾਂ ਜਾਨਵਰ ਜਾਂ ਪੰਛੀ ਵੀ ਨਹੀਂ ਖਾਂਦੇ ਤੇ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਇਹ ਤੁੰਮੇ ਦਾ ਫਲ ਕੌੜਾ ਹੁੰਦਾ ਹੈ ਆਦਿ। ਧੰਨਾ ਜੀ ਨੇ ਪ੍ਰਭੂ ਤੋਂ ਜੋ ਵੀ ਮੰਗਿਆ ਸੀ ਸਭ ਮਿਲ ਗਿਆ।

ਕਿਸੇ ਸਿਆਣੇ ਬੰਦੇ ਨੇ ਧੰਨਾ ਜੀ ਨੂੰ ਸਲਾਹ ਦਿੱਤੀ ਕਿ ਭਾਵੇਂ ਪ੍ਰਭੂ ਜੀ ਤੁਹਾਡੇ 'ਤੇ ਖੁਸ਼ ਅਤੇ ਮਿਹਰਬਾਨ ਹਨ ਪ੍ਰੰਤੂ ਫਿਰ ਵੀ ਤੁਹਾਨੂੰ ਕੋਈ ਗੁਰੂ ਜ਼ਰੂਰ ਧਾਰਨਾ ਚਾਹੀਦਾ ਹੈ। ਉਸ ਵਿਅਕਤੀ ਨੇ ਸੁਆਮੀ ਰਾਮਾਨੰਦ ਜੀ ਨੂੰ ਗੁਰੂ ਧਾਰਨ ਲਈ ਉਹਨਾਂ ਦਾ ਨਾਮ ਦੱਸਿਆ। ਇਕ ਦਿਨ ਅਚਾਨਕ ਹੀ ਉਧਰ ਸਵਾਮੀ ਰਾਮਾਨੰਦ ਜੀ ਆ ਗਏ, ਧੰਨਾ ਜੀ ਨੇ ਆਪਣੇ ਤਨੋਂ-ਮਨੋਂ ਉਹਨਾਂ ਦੀ ਸੇਵਾ ਕੀਤੀ ਤੇ 'ਦੀਕਸ਼ਾ' ਲੈਣ ਦੀ ਮੰਗ ਕੀਤੀ। ਰਾਮਾਨੰਦ ਜੀ ਨੇ ਧੰਨਾ ਜੀ ਦੀ ਬੇਨਤੀ ਸਵੀਕਾਰ ਕਰ ਲਈ ਅਤੇ 'ਦੀਕਸ਼ਾ' ਦੇ ਕੇ ਧੰਨਾ ਜੀ ਨੂੰ ਆਪਣਾ ਚੇਲਾ ਬਣਾ ਲਿਆ।ਹੁਣ ਧੰਨਾ ਜੀ 'ਰਾਮ ਨਾਮ' ਦਾ ਸਿਮਰਨ ਕਰਨ ਲੱਗ ਪਏ। ਮੌਜ ਮਸਤੀ ਵਿਚ ਧੰਨਾ ਜੀ ਆ ਕੇ ਕਈ ਵਾਰੀ ਆਪਣੇ ਭਗਵਾਨ ਨੂੰ ਆਪਣੇ ਪਾਸ ਬੁਲਾਅ ਲੈਂਦੇ ਤੇ ਸਾਰੇ ਕੰਮ ਉਹਨਾਂ ਤੋਂ ਕਰਵਾਉਂਦੇ।

ਇਸ ਤੋਂ ਬਾਅਦ ਸਤਿਗੁਰੂ ਧੰਨਾ ਜੀ ਕਾਸ਼ੀ ਵਿਖੇ ਸੁਆਮੀ ਰਾਮਾਨੰਦ ਜੀ ਦੇ ਆਸ਼ਰਮ ਤੇ ਆ ਗਏ। ਇੱਥੇ ਸੁਆਮੀ ਰਾਮਾਨੰਦ ਜੀ ਦੀ ਸੰਗਤ ਨਾਲ ਹੋਰ ਸਮਕਾਲੀ ਭਗਤਾਂ ਦੀ ਸੰਗਤ ਵਿਚ ਰਹਿ ਕੇ ਰੱਬ ਦੀ ਭਗਤੀ ਵਿਚ ਜੁਟ ਗਏ। ਇੱਥੇ ਉਹਨਾਂ ਨੇ ਰਾਮਾਨੰਦ ਜੀ ਤੇ ਉਹਨਾਂ ਦੇ ਸ਼ਿਸ਼ ਤੇ ਸਮਕਾਲੀ ਭਗਤਾਂ ਦੀ ਯੋਗ ਅਗਵਾਈ ਨਾਲ ਬਹੁਤ ਭਗਤੀ ਕੀਤੀ ਤੇ ਅਧਿਆਤਮਵਾਦ ਦਾ ਗਿਆਨ ਹਾਸਲ ਕੀਤੀ। ਉਹ ਬਿਲਕੁਲ ਅਨਪੜ੍ਹ ਸਨ ਤੇ ਉਹਨਾਂ ਨੇ ਅਧਿਆਤਮਵਾਦ ਦਾ ਗਿਆਨ, ਮਾਨਵ ਸੇਵਾ ਤੇ ਸੱਚੇ ਪਰਮਾਰਥ ਦੀ ਪ੍ਰਾਪਤੀ ਦਾ ਗਿਆਨ ਵੀ ਕਾਸ਼ੀ ਵਿਖੇ ਹੀ ਰਹਿ ਕੇ ਕੀਤਾ। ਇਸ ਤਰ੍ਹਾਂ ਹੌਲੀ-ਹੌਲੀ ਉਹਨਾਂ ਦਾ ਬੌਧਿਕ ਵਿਕਾਸ ਹੁੰਦਾ ਗਿਆ ਤੇ ਨਾਲ ਦੀ ਨਾਲ ਅਧਿਆਤਮਵਾਦ ਦੇ ਰਸਤੇ ਦੀ ਵੀ ਸੋਝੀ ਆਉਂਦੀ ਗਈ ਤੇ ਇਕ ਦਿਨ ਉਹਨਾਂ ਦਾ ਨਾਮ ਉਸ ਸਮੇਂ ਦੇ ਚੋਟੀ ਦੇ ਭਗਤਾਂ ਦੀ ਕਤਾਰ ਵਿਚ ਗਿਣਿਆ ਜਾਣ ਲੱਗਾ। ਉਹ ਭਗਤ ਗੁਰੂ ਸਨ: ਸਤਿਗੁਰੂ ਕਬੀਰ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਸੈਣ ਜੀ, ਸਤਿਗੁਰੂ ਪੀਪਾ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਤ੍ਰੀਲੋਚਨ ਜੀ ਤੇ ਸਤਿਗੁਰੂ ਜੈਦੇਵ ਜੀ ਆਦਿਕ।

ਇਹ ਸਾਰੇ ਮਹਾਂਪੁਰਸ਼ ਆਰੰਭ ਵਿਚ ਸ੍ਰੀ ਕ੍ਰਿਸ਼ਨ ਜੀ ਤੇ ਬਾਅਦ ਵਿਚ ਸ੍ਰੀ ਰਾਮ ਚੰਦਰ ਜੀ ਦੇ ਉਪਾਸ਼ਕ ਸਨ ਤੇ ਮੂਰਤੀ ਪੂਜਾ ਕਰਦੇ ਸਨ। ਜਿਉਂ-ਜਿਉਂ ਇਨ੍ਹਾਂ ਨੇ ਆਪਣੇ ਮਾਨਸਿਕ ਵਿਕਾਸ ਦੇ ਪੜਾਵਾਂ ਨੂੰ ਪਾਰ ਕੀਤਾ ਤੇ ਉਸ ਨਾਲ ਇਹ ਪ੍ਰਮਾਤਮਾ ਦੀ ਹੋਂਦ ਬਾਰੇ ਸੁਤੰਤਰ ਚਿੰਤਨ ਦੀ ਦਿਸ਼ਾ ਵੱਲ ਵੱਧਦੇ ਗਏ। ਉਹਨਾਂ ਦਿਨਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਭਾਰਤ ਦਾ ਭ੍ਰਮਣ ਕਰ ਰਹੇ ਸਨ। ਉਹ ਵੇਦਾਂਤੀ ਸਨ ਤੇ ਇਕੋ ਨਿਰਾਕਾਰ ਪ੍ਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਰੱਖਦੇ ਸਨ। ਇਹਨਾਂ ਸਭ ਭਗਤਾਂ ਦੀ ਪਹਿਲਾਂ ਅਯੁੱਧਿਆ ਤੇ ਫਿਰ ਕਾਸ਼ੀ ਵਿਖੇ ਗੁਰੂ ਨਾਨਕ ਦੇਵ ਜੀ ਨਾਲ ਮੁਲਾਕਾਤ ਹੋਈ। ਸਰਗੁਣ ਤੇ ਨਿਰਗੁਣ ਵਿਚਾਰਧਾਰਾ ਤੇ ਦੋਹਾਂ ਗਰੁੱਪਾਂ ਦੀ ਖੂਬ ਚਰਚਾ ਹੋਈ ਤੇ ਅੰਤ ਨੂੰ ਸਾਰੇ ਭਗਤ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਰਗੁਣ ਵਿਚਾਰਧਾਰਾ ਨਾਲ ਸਹਿਮਤ ਹੋ ਗਏ ਤੇ ਸਭ ਭਗਤਾਂ ਨੇ ਸਰਗੁਣ ਵਿਚਾਰਧਾਰਾ ਦਾ ਰਸਤਾ ਛੱਡ ਕੇ ਮੂਰਤੀ ਪੂਜਾ ਨੂੰ ਤਿਆਗ ਕੇ ਇਕੋ ਨਿਰਾਕਾਰ ਪ੍ਰਮਾਤਮਾ ਦੀ ਹੋਂਦ ਵਿਚ, ਸੱਚੇ ਮਾਰਗ ਨੂੰ ਗ੍ਰਹਿਣ ਕਰਕੇ ਪ੍ਰਾਪਤ ਕਰਨ ਦਾ ਰਸਤਾ ਗ੍ਰਹਿਣ ਕੀਤਾ। ਇਸ ਤਰ੍ਹਾਂ ਇਹ ਸਾਰੇ ਭਗਤ ਸਾਹਿਬਾਨ ਨਿਰਾਕਾਰ ਉਪਾਸਨਾ ਵੱਲ ਪ੍ਰੀਵਰਤਿੱਤ ਹੋ ਗਏ। ਇਨ੍ਹਾਂ ਵਿਚ ਸਭ ਤੋਂ ਪਹਿਲਾ ਇਹ ਪ੍ਰਭਾਵ ਸਤਿਗੁਰੂ ਕਬੀਰ ਸਾਹਿਬ ਜੀ ਨੇ ਗ੍ਰਹਿਣ ਕੀਤਾ। ਇਸ ਭਗਤ ਮੰਡਲੀ ਦੀ ਅਗਵਾਈ ਉਸ ਸਮੇਂ ਸੁਆਮੀ ਰਾਮਾਨੰਦ ਜੀ ਕਰ ਰਹੇ ਸਨ ਜੋ ਉੱਤਰੀ ਭਾਰਤ ਵਿਚ 'ਰਾਮਾਨੰਦ' ਦੀ ਉਪਾਸਨਾ ਨੂੰ ਲਿਆਉਣ ਵਾਲੇ ਪ੍ਰਥਮ ਮਹਾਂਪੁਰਸ਼ ਸਨ, ਵੀ ਗੁਰੂ ਸਾਹਿਬ ਤੋਂ ਪ੍ਰਭਾਵਿਤ ਹੋ ਕੇ ਨਿਰਗੁਣਵਾਦੀ ਬਣ ਗਏ।

ਸਤਿਗੁਰੂ ਧੰਨਾ ਜੀ ਦੇ ਤਿੰਨ ਸ਼ਬਦ ਰਾਗ ਆਸਾ ਤੇ ਚੌਥਾ ਸ਼ਬਦ ਰਾਗੁ ਧਨਾਸਰੀ ਵਿਚ 'ਆਰਤਾ' 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸ਼ਾਮਲ ਹਨ। ਹੋਰਨਾਂ ਭਗਤਾਂ ਦੀ 'ਆਰਤੀ' ਤੇ ਧੰਨੇ ਜੀ ਦਾ 'ਆਰਤਾ'। ਧੰਨਾ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਉਹਨਾਂ ਨੂੰ ਪ੍ਰਮਾਤਮਾ ਦੀ ਭਾਲ਼ ਵਿਚ ਜਮਾਨੇ ਗੁਜ਼ਰ ਗਏ, ਜੁਗ ਗੁਜ਼ਰ ਗਏ ਪਰ ਉਨ੍ਹਾਂ ਨੂੰ ਧੀਰਜ ਨਹੀਂ ਮਿਲਿਆ:

ਭਰਮਤ ਫਿਰਤ ਬਹੁ ਜਨਮ ਬਿਲਾਨੇ,
ਤਨੁ ਮਨੁ ਧਨੁ ਨਹੀਂ ਧੀਰੇ।

ਜਗਤ ਦਾ ਪਤਾ ਲੱਗਿਆ, ਜਿਸ ਤੋਂ ਵਿਸ਼ੇ ਵਿਕਾਰਾਂ, ਬੁਰਾਈਆਂ ਤੇ ਜਮਾਂ ਤੋਂ ਛੁਟਕਾਰਾ ਹੋਵੇ। ਮਨ ਪ੍ਰਮਾਤਮਾ ਨਾਲ ਲੱਗਣ ਦੀ ਥਾਂ ਵਿਸ਼ੇ-ਵਿਕਾਰਾਂ ਵੱਲ ਲੱਗਿਆ ਰਿਹਾ। ਗੁਰੂ ਨੇ ਗਿਆਨ ਦਿੱਤਾ, ਉਹ ਗਿਆਨ ਮੰਨ ਵਿਚ ਵੱਸਿਆ ਤੇ ਮੰਨ ਪ੍ਰਮਾਤਮਾ ਦੇ ਧਿਆਨ ਵਿਚ ਲੱਗਿਆ, ਪ੍ਰਮਾਤਮਾ ਦੀ ਪ੍ਰੇਮਾ-ਭਗਤੀ ਨੂੰ ਮੰਨਿਆ, ਪ੍ਰਮਾਤਮਾ ਦੇ ਆਤਮਕ ਸੁੱਖ ਦਾ ਰਹੱਸ ਜਾਣਿਆ, ਉਸ ਰਸ ਦੀ ਪ੍ਰਾਪਤੀ ਨਾਲ ਮਨ ਨੂੰ ਤ੍ਰਿਪਤੀ ਮਿਲੀ ਤੇ ਮੁਕਤੀ ਪ੍ਰਾਪਤ ਹੋਈ। ਉਸ ਸਰਵ ਵਿਆਪਤ ਪ੍ਰਮਾਤਮਾ ਦੀ ਜੋਤ ਜਿਸ ਵੀ ਵਿਅਕਤੀ ਦੇ ਮਨ ਵਿਚ ਵੱਸ ਜਾਂਦੀ ਹੈ, ਉਹ ਨਾ ਛਲੇ ਜਾਣ ਵਾਲੇ ਅਛੱਲ ਪ੍ਰਭੂ ਨੂੰ ਪਹਿਚਾਣ ਲੈਂਦਾ ਹੈ। ਸਤਿਗੁਰੂ ਧੰਨਾ ਜੀ ਨੇ ਧਰਤੀ ਦੇ ਸਭ ਜੀਵਾਂ ਤੇ ਕਣ ਕਣ ਵਿਚ ਪ੍ਰਭੂਜੀ ਦਾ ਅਹਿਸਾਸ ਪ੍ਰਾਪਤ ਕਰ ਲਿਆ ਹੈ। ਸੰਤ ਜਨਾ ਨਾਲ ਮਿਲਣ ਤੇ ਹੀ ਸਮਾਨਤਾ ਦੀ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ।

ਸਤਿਗੁਰੂ ਧੰਨਾ ਜੀ ਦਾ ਸ਼ਬਦ ਨਿਮਨ ਲਿਖਤ ਅਨੁਸਾਰ ਹੈ:-

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀਂ ਧੀਰੇ।੧
ਲਾਲਚ ਬਿਖੁ ਕਾਮ ਲੁਬਧ ਰਾਤਾਮਨਿ ਮਨਿ ਬਿਸਰੇ ਪ੍ਰਭੁ ਹੀਰੇ।੧। ਰਹਾਉ।।
ਬਿਖੁ ਫਲ ਮੀਣ ਲਗੇ ਮਨ ਬਉਰੇ ਚਾਰ ਬਿਚਾਰ ਨਾ ਜਾਨਿਆ।।
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ।।੨।।
ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ।।
ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ।।੨।।
ਗਿਆਨ ਪ੍ਰਵੇਸ਼ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ।
ਪ੍ਰਭ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ।।੩।।
ਜੋਤਿ ਸਮਾਏ ਸਮਾਨੀ ਜਾ ਕ, ਅਛਲੀ ਪ੍ਰਭ ਪਹਿਚਾਨਿਆ।
ਧੰਨੇ ਧਨੁ ਪਾਇਆ ਧਰਣੀਧਰ ਮਿਲਿ ਜਨ ਸੰਤ ਸਮਾਨਿਆ।।੪।।
(ਰਾਗ ਆਸਾ ਧੰਨਾ ਜੀ)

ਦੂਸਰੇ ਸ਼ਬਦ ਵਿਚ ਆਤਮ ਸਥਿਰਤਾ ਦਾ ਗਿਆਨ ਹੈ। ਨਾਲ ਹੀ ਪਰਮਾ ਦਯਾਲ ਦਮੋਦਰ (ਪ੍ਰਮਾਤਮਾ ਨੂੰ) ਚੇਤਨ ਦੀ ਪ੍ਰੇਰਨਾ ਦਿੱਤੀ ਹੈ। ਦ੍ਰਿਸ਼ਟਾਂਤ ਦੇ ਕੇ ਦੱਸਿਆ ਹੈ। ਮਾਤਾ ਦੇ ਸਰੀਰ ਵਿਚ, ਪੇਟ ਦੀ ਅਗਨੀ ਤੇ ਪਾਣੀ ਅੰਦਰ ਜੋ ਪ੍ਰਮਾਤਮਾ ਆਹਾਰ ਦੇ ਕੇ ਰੱਖਦਾ ਹੈ, ਉਹ ਸਮਰੱਥ ਹੈ। ਭਾਵਨਾ ਬੜੀ ਸ਼ਕਤੀਸ਼ਾਲੀ ਵਸਤੂ ਹੈ। ਕੁੰਮੀ ਭਾਵ 'ਕੱਛੂਕੁੰਮੀ' ਪਾਣੀ ਵਿਚ ਰਹਿੰਦੀ ਹੈ। ਉਸ ਦੇ ਬੱਚੇ ਬਾਹਰ ਰੇਤੇ ਵਿਚ ਪਏ ਪਲਦੇ ਹਨ। ਨਾ ਕੁੰਮੀ ਆਪਣਾ ਦੁੱਧ ਪਿਲਾਉਂਦੀ ਹੈ, ਨਾ ਬੱਚਿਆਂ ਦੇ ਖੰਭ ਹੁੰਦੇ ਹਨ ਕਿ ਉਹ ਉੱਡ ਕੇ ਆਪਣੀ ਖੁਰਾਕ ਲੈ ਸਕਣ, ਉੱਥੇ ਵੀ ਉਹਨਾਂ ਨੂੰ ਅਹਿਸਾਸ ਜਿਉਂਦਾ ਰੱਖਦਾ ਹੈ। ਉਸ ਪੂਰਨ ਸਰਵ ਵਿਆਪੀ ਪ੍ਰਮਾਤਮਾ ਦੀ ਲੀਲਾ ਵੱਲ ਵੇਖੋ ਤੇ ਸਮਝੋ ਤੇ ਉਸ ਨੂੰ ਮਨ ਵਿਚ ਰੱਖੋ।

ਪੱਥਰ ਵਿਚ ਇਕ ਕੀੜਾ ਹੁੰਦਾ ਹੈ। ਉਸ ਲਈ ਕਿਸੇ ਤਰ੍ਹਾਂ ਦੇ ਭੋਜਨ ਦਾ ਕੋਈ ਰਾਹ ਨਹੀਂ ਹੁੰਦਾ, ਉਸਦੀ ਉੱਥੇ ਵੀ ਪਾਲਣਾ ਹੁੰਦੀ ਹੈ। ਸਤਿਗੁਰੂ ਧੰਨਾ ਜੀ ਕਹਿੰਦੇ ਹਨ, ਉਹ ਸਭ ਥਾਂ ਪੂਰਨ ਹੈ। ਉਸਦੇ ਹੋ ਜਾਣ ਤੋਂ 'ਮਤ ਰੇ ਜੀਅ ਡਰਾਹੀ' ਜਿੰਦੇ ਮਤ ਡਰ, ਸ਼ਬਦ ਨਿਮਨ-ਲਿਖਤ ਅਨੁਸਾਰ ਹੈ:

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨਾ ਜਾਨਸਿ ਕੋਈ।।
ਜੇ ਧਾਵਹਿ ਬ੍ਰਹਿਮੰਡ ਖੰਡ ਕਉ ਕਰਤਾ ਕਰੈ ਸੁ ਹੋਈ।।੧।।ਰਹਾਉ।।
ਜਨਨੀ ਕੇਰੇ ਉਦਰ ਉਦਮ ਮਹਿ ਪਿੰਡੁ ਕੀਆ ਦਸ ਦੁਆਰਾ।।
ਦੇਇ ਆਹਾਰੁ ਅਗਨਿ ਮਹਿ ਰਾਖੇ ਐਸਾ ਖਸਮੁ ਹਮਾਰਾ।।੨।।
ਕੁੰਮੀ ਜਲ ਮਾਹਿ, ਤਨ ਤਿਸੁ ਬਾਹਰਿ, ਪੰਖ ਖੀਰੁ ਤਿਨ ਨਾਹੀ।।
ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ।।੩।।
ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ।।
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ।।੪।।
(ਰਾਗ ਆਸਾ ਧੰਨਾ ਜੀ)

ਸਤਿਗੁਰੂ ਧੰਨਾ ਜੀ ਦਾ ਨਿਮਨ-ਲਿਖਤ ਤੀਸਰਾ ਸ਼ਬਦ ਜੋ ਰਾਗ ਆਸਾ ਵਿਚ ਹੀ ਹੈ, ਇਸ ਸ਼ਬਦ ਦੀ ਗੁਰੂ ਅਰਜਨ ਦੇਵ ਜੀ ਨੇ 'ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਕਰਨ ਵੇਲੇ ਸੋਧ ਕਰਕੇ ਮਹਲਾ 5ਵਾਂ ਲਿਖਿਆ ਹੈ। ਜੇਕਰ ਮੂਲ ਰੂਪ ਵਿਚ ਇਹ ਸਾਰਾ ਸ਼ਬਦ ਧੰਨਾ ਜੀ ਦਾ ਹੁੰਦਾ ਤਾਂ ਗੁਰੂ ਅਰਜਨ ਦੇਵ ਜੀ ਜੋ ਸੱਚ ਦੇ ਰੂਪ ਸਨ, ਉਹ ਕਦੇ ਵੀ ਇਸ ਤੇ ਮ:5 ਨਾ ਲਿਖਦੇ। ਜੇਕਰ ਸਾਰਾ ਸ਼ਬਦ ਮੂਲ ਰੂਪ ਵਿਚ ਗੁਰੂ ਜੀ ਦਾ ਹੁੰਦਾ ਤਾਂ ਮ: 5 ਦੇ ਸ਼ਬਦਾਂ ਵਿਚ ਦਰਜ ਹੁੰਦਾ। ਬਾਣੀ ਦਾ ਆਰੰਭਕ ਲੇਖ 'ਆਸਾ ਬਾਣੀ ਭਗਤ ਧੰਨੇ ਜੀ ਕੀ' ਮਹਲਾ 5 ਸਿਰਲੇਖ ਵੀ ਇਹੋ ਸੂਚਿਤ ਕਰਦਾ ਹੈ,

'ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ।।
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ।।੧।। ਰਹਾਉ
ਬੁਨਨਾ ਤਨਨਾ ਤਿਆਗਿ ਕੇ ਪ੍ਰੀਤਿ ਚਰਨ ਕਬੀਰਾ।।
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ।।੧।।
ਰਵਿਦਾਸ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ।।
ਪਰਗਟੁ ਹੋਆ ਸਾਧ ਸੰਗਿ ਹਰ ਦਰਸਨੁ ਪਾਇਆ।।੨।।
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ।।
ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ।।੩।।
ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ।।
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।।
(ਆਸਾ ਰਾਗ ਮਹਲਾ 5)

ਸ਼ਬਦ ਦੀ ਅਖੀਰਲੀ ਤੁਕ ਵਿਚ ਵਰਤਿਆ 'ਧੰਨਾ ਵਡਭਾਗਾ' ਵਾਕ, ਸੂਚਿਤ ਕਰਦਾ ਹੈ ਕਿ ਮੂਲ ਰੂਪ ਵਿਚ ਸ਼ਬਦ ਧੰਨਾ ਜੀ ਦਾ ਹੀ ਹੈ:

ਗੋਪਾਲ ਤੇਰਾ ਆਰਤਾ।।
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ।।੧।। ਰਹਾਓ।।
ਦਾਲਿ ਸੀਧਾ ਮਾਗਉ ਘੀਓ।। ਹਮਰਾ ਖੁਸੀ ਕਰੈ ਨਿਤ ਜੀਉ।।੧।।
ਪਨੀਆ ਛਾਦਨ ਨੀਕਾ।। ਅਨਾਜ ਮਾਗਉ ਸਤ ਸੀ ਕਾ।।੧।।
ਗਊ ਭੈਸ ਮਗਉ ਲਾਵੇਰੀ। ਇਕ ਤਾਜਨਿ ਤੁਰੀ ਚੰਗੇਰੀ।।
ਘਰ ਕੀ ਗੀਹਨਿਚੰਗੀ।। ਜਨੁ ਧੰਨਾ ਲੇਵੈ ਮੰਗੀ।।''।।੧।।
(ਰਾਗ ਧਨਾਸਰੀ ਧੰਨਾ ਜੀ)

ਸਤਿਗੁਰੂ ਧੰਨਾ ਜੀ ਨੇ ਇਸ ਪਦੇ ਵਿਚ ਆਪਣੀ ਪੇਟ ਪੂਰਤੀ ਲਈ ਜ਼ਰੂਰਤਾਂ ਦੱਸ ਕੇ,ਦਾਲ, ਸੀਧਾ, ਘਿਓ ਮੰਗਿਆ ਹੈ। ਜੁੱਤੀ, ਕੱਪੜਾ, ਚੰਗੀ ਅਰਬੀ ਘੋੜੀ, ਸੋਹਣੀ ਔਰਤ ਦੀ ਮੰਗ ਕੀਤੀ ਹੈ। ਸਤ ਸੀਕਾ, ਸਤਵਾਰੀ ਪੈਲੀ ਵਾਹ ਕੇ ਬੀਜਿਆ ਅੰਨ, ਗਊ, ਮੱਝ, ਦੁੱਧ ਦੇਣ ਵਾਲੀ ਲਵੇਰੀ ਮੰਗੀ ਹੈ। ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਦਾ ਵੇਰਵਾ ਸਹਿਤ ਚੰਗੀ ਵਿਆਖਿਆ ਅਤੇ ਜ਼ਿੰਦਗੀ ਦੀਆਂ ਲੋੜਾਂ ਅਤੇ ਥੁੜ੍ਹਾਂ ਦੀ ਪੂਰਤੀ ਦਾ ਚੰਗਾ ਵੇਰਵਾ ਦਿੱਤਾ ਹੈ।

ਆਪਣੇ ਸਾਰੇ ਕਾਰਜ ਹੱਲ ਕਰਨ ਲਈ ਪ੍ਰਮਾਤਮਾ ਅੱਗੇ ਖੁੱਲ੍ਹ ਕੇ ਪੁਕਾਰ ਕੀਤੀ ਹੈ। ਇਕ ਕੇਂਦਰੀ ਨੁਕਤਾ ਹੈ- 'ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ' ਹੋਰ ਆਰਤੀਆਂ ਕਰਨ ਵਾਲੇ ਦੇਵਤੇ ਨੂੰ ਕਿਸ ਤਰ੍ਹਾਂ ਇੱਛਾ ਦੀ ਪੂਰਤੀ ਲਈ ਰਿਝਾਉਂਦੇ ਹਨ, ਇਹ ਉਹ ਜਾਨਣ। ਧੰਨੇ ਨੂੰ ਭਗਤੀ ਕਰਨ ਲਈ ਸਰੀਰ ਦੀ ਖੁਰਾਕ, ਜੀਵਨ ਜਿਊਣ ਲਈ ਨਿੱਤ ਵਰਤੋਂ ਦੀਆਂ ਚੀਜ਼ਾਂ ਦੀ ਲੋੜ ਸਭ ਤੋਂ ਪਹਿਲਾ ਹੈ। ਭਗਤਾਂ ਦੇ ਕਾਰਜ ਸੰਵਾਰਨ ਵਾਲੇ ਪ੍ਰਭੂ ਅੱਗੇ ਉਹਨਾਂ ਨੇ ਇਹ ਅਰਦਾਸ-ਬੇਨਤੀ ਨਿਰਸੰਕੋਚ ਹੋ ਕੇ ਕੀਤੀ ਹੈ।

ਸਤਿਗੁਰੂ ਧੰਨਾ ਜੀ ਦੀ 'ਗੁਰੂ ਗ੍ਰੰਥ ਸਾਹਿਬ' ਵਿਚਲੀ ਦਰਜ ਬਾਣੀ ਤੋਂ ਇਲਾਵਾ ਹੋਰ ਬਾਹਰਲੀ ਬਾਣੀ ਵੀ ਮਿਲਦੀ ਹੈ, ਜਿਸ ਵਿਚੋਂ ਉਹਨਾਂ ਦੇ ਨਿਰਗੁਣਵਾਦੀ ਵਿਚਾਰਾਂ ਦੀ ਸਾਫ ਝਲਕ ਦੇਖੀ ਜਾ ਸਕਦੀ ਹੈ। ਉਹਨਾਂ ਦੇ ਦੋ ਪਦਿਆਂ ਵਿਚੋਂ ਇਹ ਪਤਾ ਲੱਗਦਾ ਹੈ ਕਿ ਮਨੁੱਖ ਨੂੰ ਇਸ਼ਨਾਨ ਦਾ ਲਾਭ ਲੈਣ ਦੀ ਕਾਮਨਾ, ਤੀਰਥਾਂ ਦੇ ਭ੍ਰਮਣ ਤੋਂ ਉਲਟ, ਸ਼ੁਭ ਕਰਮਾਂ ਦੀ ਸਿੱਖਿਆ ਹੈ। ਜਿਸ ਦੇ ਅੰਗਾਂ ਵਿਚੋਂ ਅਨੁਪਮ ਬਾਸ (ਸੁਗੰਧ) ਉੱਠ ਰਹੀ ਹੈ। ਚੰਦਨ ਲੇਪ ਫੁੱਲ ਪੱਤੀਆਂ, ਭਾਰ ਅਠਾਰਹ ਜਿਸ ਦੇ ਰੋਮ ਮਾਤਰ ਨਹੀਂ। ਜਿਸ ਨੂੰ ਸਹਿਸ ਭਾਵ ਸੈਂਕੜੇ ਜੀਭਾਂ ਵਾਲਾ ਸ਼ੇਸ਼ਨਾਗ ਹਰ ਸਮੇਂ ਨਵੀਂ ਤੋਂ ਨਵੀਂ ਉਪਮਾ ਦੇ ਕੇ ਅਰਾਧਨਾ ਹੈ, ਜਿਸ ਨੂੰ ਨਾਰਦ ਸਨਕ ਸਨੰਦਨ (ਬ੍ਰਹਿਮੇ ਦੇ ਪੁੱਤਰ) ਪਵਨ ਪੁੱਤਰ (ਹਨੂਮਾਨ), ਸ਼ਿਵ, ਅਪੱਛਰਾਂ ਆਦਿ ਤਾਲ ਦੇ-ਦੇ ਕੇ ਗਾਉਂਦੇ ਹਨ। ਉਸ ਅਣਗਿਣਤ ਮਹਿਮਾ ਦੇ ਮਾਲਕ, ਗੋਪਾਲ, ਅਗਮ ਅਗੋਚਰ ਦੀ ਵਿਸਮਾਦੀ ਮਹਿਮਾ ਕਿੰਨੀ ਕੁ ਕਹੀ ਜਾ ਸਕਦੀ ਹੈ? ਕੌਣ ਕਹਿ ਸਕਦਾ ਹੈ? ਸਤਿਗੁਰੂ ਧੰਨਾ ਜੀ ਕਹਿੰਦੇ ਹਨ ਜਿਹਨਾਂ ਨੇ ਪਰਮਾਰਥ ਦੇ ਅਰਥ ਜਾਣ ਲਿਆ, ਉਹਨਾਂ ਨੇ ਸਹਿਜ ਵਿਚ ਆਪਣੇ ਆਪ ਨੂੰ ਸਮਾ ਲਿਆ ਹੈ। ਸਹਿਜ ਉਨਾਂ ਵਿਚ ਸਮਾ ਗਿਆ ਹੈ।

ਹਰਿ ਗੁਣ ਗਾਈਰੇ, ਹਰਿ ਗੁਣ ਗਾਈ ਰੇ, ਔਰ ਛਾਡਿ ਸਬੈ ਚਤੁਰਾਈ ਟੇਕ।
ਚਰਣ ਗੰਗ ਗਹਿ ਨੀਰੁ, ਪੀਅਬੰਰ ਕਿਉ ਸੋਭੈ ਤਾਸ।

(ਬਾਕੀ ਅਗਲੇ ਸਫੇ ਤੇ)



# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ

## ਵਿਸਾਖੀ ਦੇ ਪਵਿੱਤਰ ਦਿਹਾੜੇ ਅਤੇ ਡਾ. ਅੰਬੇਦਕਰ ਜੀ ਦੇ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ 123 ਵਾਂ ਜਨਮ ਦਿਹਾੜਾ 20 ਅਪ੍ਰੈਲ ਅਤੇ ਵਿਸਾਖੀ ਪੁਰਬ ਦਿਹਾੜਾ 27 ਅਪ੍ਰੈਲ ਨੂੰ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾਵੇਗਾ।

ਡਾ. ਅੰਬੇਦਕਰ ਜੀ ਦੇ ਜਨਮ ਦਿਹਾੜੇ ਸਬੰਧਤ 18 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਰੱਖੇ ਜਾਣਗੇ ਅਤੇ ਐਤਵਾਰ 20 ਅਪ੍ਰੈਲ ਨੂੰ ਭੋਗ ਪਾਏ ਜਾਣਗੇ। ਇਸ ਦੌਰਾਨ ਪ੍ਰਸਿੱਧ ਗਾਇਕ ਕਲਾਕਾਰ ਸ੍ਰੀ ਰਣਜੀਤ ਤੇਜੀ ਸਿਆਸਟਲ ਵਾਲੇ ਅਤੇ ਹੋਰ ਕਲਾਕਾਰ ਤੇ ਬੁਲਾਰੇ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਮਨੁੱਖਤਾ ਦੇ ਭਲੇ ਹਿੱਤ ਕੀਤੀਆਂ ਕੁਰਬਾਨੀਆਂ ਬਾਰੇ ਚਾਨਣਾ ਪਾਉਣਗੇ।

ਵਿਸਾਖੀ ਪੁਰਬ ਪ੍ਰੋਗਰਾਮ ਦੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰਮਖ ਪਿਆਰੇ ਸ੍ਰੀ ਬਲਜੀਤ ਚੌਹਾਨ ਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋ. ਕੀਤੀ ਜਾ ਰਹੀ ਹੈ।

ਵਿਸਾਖੀ ਦੇ ਪਵਿੱਤਰ ਦਿਹਾੜੇ ਦੇ ਸਬੰਧ ਵਿਚ ਸ੍ਰੀ ਅਖੰਡ ਪਾਠ ਸਾਹਿਬ 25 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਆਰੰਭ ਕੀਤੇ ਜਾਣਗੇ ਅਤੇ 27 ਅਪ੍ਰੈਲ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ। ਇਸ ਦੌਰਾਨ ਧਾਰਮਿਕ ਕਵੀ ਦਰਬਾਰ ਸਜਾਏ ਜਾਣਗੇ, ਜਿਸ ਵਿਚ ਵਿਸਾਖ, ਵਿਸਾਖੀ ਤੇ ਖਾਲਸਾ ਪੰਥ ਦੀ ਵਿਲੱਖਣ ਦੇਣ ਦਾ ਵਿਖਿਆਨ ਹੋਵੇਗਾ।

ਸੋ ਸਮੂਹ ਪ੍ਰਬੰਧਕ ਕਮੇਟੀ ਵੱਲੋ. ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਸਭ ਦਿਹਾੜਿਆਂ ਤੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਸਾਨੂੰ ਧੰਨਵਾਦੀ ਬਣਾਓ ਜੀ।

**ਹੋਰ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ (530) 674-2564, ਭਾਈ ਕੁਲਵਿੰਦਰ ਸਿੰਘ ਜੀ ਜਾਂ ਫਿਰ ਪ੍ਰਧਾਨ ਸ਼ਿੰਗਾਰਾ ਸਿੰਘ ਰੱਲ੍ਹ (530) 773-1823 ਨਾਲ ਸੰਪਰਕ ਕੀਤਾ ਜਾ ਸਕਦਾ ਹੈ।**

# ਧੰਨੇ ਜਾਟ ਕਾ ਹਰਿਸੋ ਹੇਤ, ਬਿਨਾ ਬੀਜ ਕੇ ਨਿਪਜਾ ਖੇਤ।

ਚੰਨਨਿ ਕਿਸੋ ਕਰੋ ਹਰਿ ਲੇਪਨ, ਜਾਕੈ ਅੰਗ ਅਨੂਪਮ ਬਾਸ।
ਅਗਰ ਚੰਦਨ ਘਸਿ ਧੂਪ ਖਿਡਾਣੋ, ਕੌਣ ਬਾਸ ਮਨਿ ਰਾਗ ਰਲੀ।
ਪਤਰੀ ਪੂਰਪ ਕਿਸੈ ਬਨਿ ਆਣੋ, ਜਾਕੈ ਭਾਰ ਅਠਾਹਰ ਰੋਮਾਵਲੀ।
ਪੂਜਾ ਭਗਤਿ ਕਿਸੀ ਮਲ ਮਾਨੋ, ਜਾਕੈ ਸਨਕ ਸਨਦੰਨ ਭਗਤ ਸੁਕਾਦਿ।
ਸੇਸ ਸਹਸ ਮੁਖ ਨਾਉਂ ਅਰਾਧੇ, ਪਵਨ ਪੂਤ ਜਾਕੇ ਬ੍ਰਹਮਾਦਿ।
ਜਾਕੈ ਨਾਰਦ ਨਿਰਤ ਨੰਦਾ ਰਸ ਸੰਕਰ ਆਪ ਅਪਛਰਾ ਤੋੜੇ ਤਾਲ।
ਅਣਗਿਣਤ ਮਹਿਮਾ ਰਾਮ ਤੁਮਹਾਰੀ, ਮੈਂ ਕਾ ਗੁਣ ਜਾਣੋ ਗੋਪਾਲ।
ਅਬਿਅਗਤ ਅਗਮ ਬਸਮ ਕਠਿਨਾਈ ਕਹਿ ਕਹਿ ਕਹੁ ਕੀ ਲੀਉ ਜਾਈ।
ਕਹੋ ਧੰਨਾ ਅਰਥ ਪਰਮਾਰਥ, ਜਿਨਿ ਪਾਇਓ ਤਿਨਿ ਸਹਜ ਸੁਮਾਈ।

ਦੂਸਰੇ ਪਦੇ ਵਿਚ ਭੀ ਪ੍ਰਭੂ ਮਹਿਮਾ ਦਾ ਵਰਣਨ ਹੈ। ਜਿਸ ਦੇ ਗੁਣਗਾਨ ਨਾਲ ਦੁੱਖ ਹਰੇ ਜਾਂਦੇ ਹਨ। ਊਧੋ, ਅੰਬ੍ਰੀਕ, ਸੁਦਾਮਾ, ਪ੍ਰਹਿਲਾਦ, ਨਾਮਾ, ਸਨਕਾਦਕ ਆਦਿ ਉਸਦੇ ਚਰਨਾਂ ਦੀ ਪ੍ਰਾਪਤੀ ਕਾਰਨ ਧੰਨਾ ਜੀ ਕਹਿੰਦੇ ਹਨ, ਉਧਰ ਗਏ। ਗੁਰੂ ਕ੍ਰਿਪਾ ਭਾਵ ਗੁਰ ਪ੍ਰਸਾਦਿ ਨਾਲ ਮੈਂ ਵੀ ਉਹ ਪਰਮ ਪਦ ਪਾਇਆ ਹੈ। ਇਨ੍ਹਾਂ ਪਦਿਆਂ ਵਿਚ ਧੰਨਾ ਜੀ ਦੇ ਵਿਚਾਰਾਂ ਦੀ ਪਕਿਆਈ ਨਜ਼ਰ ਆਉਂਦੀ ਹੈ। ਆਰੰਭਕ ਖਿਆਲਾਂ ਵਾਲੀ ਬੇਚੈਨੀ ਨਹੀਂ ਹੈ। ਪ੍ਰਭੂ ਦੇ ਗੁਣਾਂ ਦੀ ਵਡਿਆਈ ਅਨੰਦਮਈ ਸੰਗੀਤ ਵਾਂਗ ਹੈ।

'ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਗੁਰੂ ਰੂਪ ਹੈ, ਉਸਦੇ ਇਕ ਭਾਵ ਦੇ ਸ਼ਬਦ ਵਿਚਾਰਾਂ ਦੀ ਇਹੋ ਹੀ ਸਵਰ ਹੈ। ਇਕ ਅਕਾਲ ਪੂਜਾ ਦੀ ਸੇਧ ਦੇਣ ਵਾਲੀ ਹੈ। 'ਇਕਾ ਬਾਣੀ ਇਕ ਗੁਰ ਇਕੋ ਸ਼ਬਦ ਵਿਚਾਰ।' ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਭ ਭਗਤਾਂ ਦੀ ਬਾਣੀ ਨੂੰ 'ਸ਼ਬਦ ਗੁਰੂ' ਦਾ ਦਰਜਾ ਪ੍ਰਾਪਤ ਹੈ ਤੇ ਇਹੀ ਗੱਲ ਗੁਰੂ ਸਾਹਿਬ ਦੇ 'ਸਮਾਜਿਕ ਬਰਾਬਰੀ ਦੇ ਸਿਧਾਂਤ' ਨੂੰ ਪ੍ਰਮਾਣਿਤ ਕਰਦੀ ਹੈ ਤੇ ਭਗਤਾਂ ਨੂੰ ਸਤਿਗੁਰੂ ਦਾ ਦਰਜਾ ਵੀ ਪ੍ਰਦਾਨ ਕਰਦੀ ਹੈ।

ਸਤਿਗੁਰੂ ਧੰਨਾ ਜੀ ਜਿੱਥੇ ਖੇਤੀ ਕਰਦੇ ਸਨ, ਉਥੇ ਇਕ ਤਲਾਬ ਬਣਾ ਦਿੱਤਾ ਹੈ, ਜਿਸ ਦਾ ਨਾਮ 'ਮੋਤੀ ਤਲਾਬ' ਰੱਖਿਆ ਹੈ। ਆਜ਼ਾਦੀ ਤੋਂ ਬਾਅਦ ਇਸਨੂੰ 'ਮੋਤੀ ਨਗਰ ਧਾਮ' ਵਿਚ ਬਦਲ ਦਿੱਤਾ ਗਿਆ ਹੈ। ਅੱਜ ਵੀ ਰਾਜਿਸਥਾਨ ਵਿਚ ਇਹ ਅਖਾਣ ਬਣ ਗਿਆ ਹੈ ਕਿ ਜਦੋਂ ਲੋਕ ਆਪਣੇ ਖੇਤ ਵਿਚ ਹਲ਼ ਚਲਾਉਂਦੇ ਹਨ ਤਾਂ ਅਕਸਰ ਸਤਿਗੁਰੂ ਧੰਨਾ ਜੀ ਨੂੰ ਯਾਦ ਕਰਦਿਆਂ ਗਾਉਂਦੇ ਹਨ:-

ਧੰਨੇ ਜਾਟ ਕਾ ਹਰਿਸੋ ਹੇਤ,
ਬਿਨਾ ਬੀਜ ਕੇ ਨਿਪਜਾ ਖੇਤ।

ਸਤਿਗੁਰੂ ਧੰਨਾ ਜੀ ਨੇ ਇਕ ਮੰਦਰ ਵੀ ਬਣਵਾਇਆ। ਜਿਸ ਤੇ ਆਪਣੇ ਗੁਰੂ ਸੁਆਮੀ ਰਾਮਾਨੰਦ ਜੀ ਦਾ ਨਾਂ ਵੀ ਲਿਖਵਾਇਆ ਤੇ ਇਸ ਮੰਦਰ ਦੇ ਬਣਨ ਦਾ ਸਮਾਂ ਸੰਮਤ 535 ਲਿਖਿਆ ਹੋਇਆ ਹੈ। ਸਤਿਗੁਰੂ ਧੰਨਾ ਜੀ ਦੀ ਯਾਦ ਵਿਚ ਉਹਨਾਂ ਦੇ ਜਨਮ ਸਥਾਨ ਪਿੰਡ ਧੁਆਨ (ਧੂਆਂ) ਵਿਖੇ ਇਕ ਬਹੁਤ ਹੀ ਸੁੰਦਰ 'ਗੁਰਦੁਆਰਾ ਸਾਹਿਬ' ਵੀ ਬਣਿਆ ਹੋਇਆ ਹੈ।

ਸਤਿਗੁਰੂ ਧੰਨਾ ਜੀ ਦੇ ਜੀਵਨ ਨਾਲ ਬਹੁਤ ਹੀ ਕਰਾਮਾਤਾਂ ਜੁੜੀਆਂ ਹੋਈਆਂ ਹਨ। ਇਹ ਕਰਾਮਾਤਾਂ ਦੀ ਚਰਚਾ ਅੱਜ ਵੀ ਉਹਨਾਂ ਦੇ ਪਿੰਡ ਧੁਆਨ ਕਲਾਂ ਵਿਚ ਲੋਕ ਸੁਣਾਉਂਦੇ ਹਨ ਪਰ ਇਹਨਾਂ ਨੂੰ ਯਥਾਰਥਵਾਦੀ ਨਹੀਂ ਮੰਨਿਆ ਜਾ ਸਕਦਾ। ਗੁਰਮਤਿ ਦੇ ਸਿਧਾਂਤ ਅਨੁਸਾਰ ਕਰਾਮਾਤਾਂ ਨੂੰ ਸਿੱਖ ਧਰਮ ਵਿਚ ਕੋਈ ਸਥਾਨ ਨਹੀਂ। ਇਹ ਕੇਵਲ ਉਨ੍ਹਾਂ ਦੇ ਸ਼ਰਧਾਲੂਆਂ ਵੱਲੋਂ ਹੀ ਧੰਨਾ ਜੀ ਦੇ ਜੀਵਨ ਨਾਲ ਜੋੜੀਆਂ ਗਈਆਂ ਮਿੱਥਾਂ ਹਨ। ਪੱਥਰਾਂ ਵਿਚੋਂ ਰੱਬ ਨੂੰ ਪਾਉਣਾ, ਤੁੰਮਿਆਂ ਵਿਚੋਂ ਕਣਕ ਦੇ ਦਾਣੇ ਨਿਕਲਣਾ, ਥੋੜ੍ਹੀ ਜਿਹੀ ਮਿੱਟੀ ਧੰਨਾ ਜੀ ਦੇ ਖੇਤਾਂ ਵਿਚੋਂ ਲਿਆ ਕੇ ਆਪਣੇ ਖੇਤਾਂ ਵਿਚ ਪਾਉਣਾ ਤੇ ਕਹਿਣਾ ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਬਹੁਤ ਵਧਦੀ ਹੈ ਆਦਿਕ ਨੂੰ ਵਿਗਿਆਨਕ ਨਜ਼ਰੀਏ ਤੋਂ ਮੰਨਿਆ ਨਹੀਂ ਜਾ ਸਕਦਾ। ਧੰਨਾ ਜੀ ਤਾਂ ਇਕ ਮਹਾਨ ਕਿਰਤੀ ਸਨ ਜੋ ਖੇਤੀਬਾੜੀ ਕਰਕੇ ਆਪਣਾ ਗੁਜ਼ਾਰਾ ਕਰਦੇ ਸਨ। ਵੰਡ ਕੇ ਛਕਦੇ ਸਨ ਤੇ ਰੱਬ ਦਾ ਨਾਮ ਲੈਂਦੇ ਸਨ। 'ਗੁਰੂ ਗ੍ਰੰਥ ਸਾਹਿਬ' ਵਿਚ ਉਹਨਾਂ ਦਾ ਸਤਿਕਾਰ ਕਰਾਮਾਤਾਂ ਕਰਕੇ ਨਹੀਂ ਹੈ, ਸਗੋਂ ਉਹਨਾਂ ਦੇ ਹਿਰਦੇ ਵਿਚ ਪ੍ਰਭੂ ਦੇ ਵਾਸ ਕਰ ਜਾਣ ਕਰਕੇ ਹੈ। ਉਨ੍ਹਾਂ ਦਾ ਨਾਮ ਭਗਤੀ ਲਹਿਰ ਦੇ ਮਹਾਨ ਗੁਰੂ ਭਗਤਾਂ ਦੀ ਸੂਚੀ ਵਿਚ ਆਉਂਦਾ ਹੈ। ਉਹਨਾਂ ਦਾ ਮਾਨਸਿਕ ਵਿਕਾਸ ਸਰਗੁਣ ਧਾਰਾ ਤੋਂ ਨਿਰਗੁਣਵਾਦ ਦੀ ਧਾਰਾ ਵੱਲ ਵਿਕਾਸ ਕਰਦਾ ਹੈ। ਜੋ ਉਹਨਾਂ ਇਕ ਪ੍ਰਗਤੀਵਾਦੀ ਬਣਾਉਂਦਾ ਹੈ। ਇਸ ਕਰਕੇ ਹੀ ਉਹ ਅਵਿਦਿਅਕ ਹੋਣ ਕਰਕੇ ਵੀ ਪਰਮ ਪੁਰਖ ਪ੍ਰਮਾਤਮਾ ਦੀ ਪ੍ਰਾਪਤੀ ਕਰ ਲੈਂਦੇ ਹਨ। ਉਹਨਾਂ ਦੀਆਂ ਸਿੱਖਿਆਵਾਂ ਸਾਨੂੰ ਸਦਾ ਹੀ ਹਨੇਰੇ ਤੋਂ ਰੌਸ਼ਨੀ ਵੱਲ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਉਹਨਾਂ ਦੇ 599 ਵੇਂ ਜਨਮ ਦਿਨ ਤੇ ਮੇਰੇ ਵੱਲੋਂ ਸਮੁੱਚੀ ਲੋਕਾਈ ਨੂੰ ਬਹੁਤ-ਬਹੁਤ ਵਧਾਈ ਹੋਵੇ ਜੀ।

## ਕੰਨਿਆ ਦੀ ਲੋੜ

ਰਵਿਦਾਸੀਆ, ਇਕਲੌਤਾ ਲੜਕਾ, ਉਮਰ 27 ਸਾਲ, ਕੱਦ 5 ਫੁੱਟ 11 ਇੰਚ, ਸਿੱਖਿਆ ਬੀ. ਟੈਕ ਇੰਜੀਨੀਅਰਿੰਗ, ਪੰਜਾਬ ਵਿਚ ਰਹਿ ਰਹੇ ਲਈ ਅਮਰੀਕਨ ਸਿਟੀਜ਼ਨ ਜਾਂ ਗ੍ਰੀਨ ਕਾਰਡ ਹੋਲਡਰ ਲੜਕੀ ਦੀ ਲੋੜ। ਲੜਕੇ ਦੀ ਇਕਲੌਤੀ ਭੈਣ ਵਿਆਹੀ ਹੈ ਅਤੇ ਅਮਰੀਕਾ ਵਿਚ ਸੈਟਲ ਹੈ। ਮਾਪਿਆਂ ਕੋਲ 10 ਸਾਲਾ ਅਮਰੀਕੀ ਵੀਜ਼ਾ ਹੈ ਅਤੇ ਅਮਰੀਕਾ ਵਿਚ ਹਨ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ: 408-849-0417

Sam's Auto Repair & Services
Professional Auto Repairs & Services
BRAKE & LAMP INSPECTION
Domestic & Foreign Cars
STAR CERTIFIED TEST & REPAIR STATION
* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ www.smogcheck.ca.gov ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ DMV ਰਜਿਸਟ੍ਰੇਸਨ ਵੀ ਕਰਵਾ ਸਕਦੇ ਹੋ
649 West Elkhorn Blvd, Suite B Rio Linda, CA 95673
(916) 992-9004
SMOG N TAG
(916) 334-7664
6421 Watt Ave.
North Highlands, CA 95660
$10.00 Off initial Smog Check
Restrictions Apply - See Store for Details
STAR Certified

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



# ਆਓ ਰਲ ਕੇ ਬੈਠਣ ਦੀ

## ''ਆਜ਼ਾਦ ਜਲੰਧਰੀ''



ਆਓ ਰਲ ਕੇ ਬੈਠਣ ਦੀ ਤਦਬੀਰ ਕਰੀਏ
ਏਹ ਰੌਸ਼ਨ ਗਰੀਬਾਂ ਦੀ ਤਕਦੀਰ ਕਰੀਏ।
ਜੁਗਾਂ ਤੋਂ ਜਿਹਨੇ ਕੌਮ ਨੂੰ ਜਕੜਿਆ ਏ
ਆਓ ਦੂਰ ਵਰਣਾਂ ਦੀ ਜ਼ੰਜ਼ੀਰ ਕਰੀਏ।
ਮੇਰੀ ਕੌਮ ਦੇ ਰਹਿਬਰੋ ਤੇ ਅਦੀਬੋ
ਆਓ ਅੱਜ ਕਲਮ ਆਪਣੀ ਸ਼ਮਸ਼ੀਰ ਕਰੀਏ।
ਜੋ ਮੁਰਦਾ ਰੂਹਾਂ ਵਿਚ ਹੈ ਮੁੜ ਜਾਨ ਪਾਵੇ
ਜੇ ਕਰੀਏ ਕਦੇ ਐਸੀ ਤਕਰੀਰ ਕਰੀਏ।
ਜੋ ਪੈਦਾ ਕਰੇ ਇਨਕਲਾਬਾਂ ਦੀ ਖੇਤੀ
ਖਿਆਲਾਂ 'ਚ ਪੈਦਾ ਉਹ ਤਾਸੀਰ ਕਰੀਏ।
ਨਾ ਹੋਵੇ ਵਰਣ ਜ਼ਾਤ ਦੀ ਜਿੱਥੇ ਲਾਹਨਤ
ਆਓ ਸ਼ਹਿਰ ਐਸਾ ਕੋਈ ਤਾਮੀਰ ਕਰੀਏ।
ਜੋ ''ਆਜ਼ਾਦ'' ਦੇਖੀ ਸੀ ਅੰਬੇਦਕਰ ਨੇ
ਆਓ ਪੂਰੀ ਖ਼ਾਬਾਂ ਦੀ ਤਾਬੀਰ ਕਰੀਏ।

# ਭੀਮ ਜਿਹਾ ਲਾਲ ਨਹੀਂ

## – ਸੋਹਣ ਸਹਿਜਲ

ਬਾਬਾ ਸਾਹਿਬ ਤੇਰੀ ਕੁਰਬਾਨੀ ਦੀ, ਦੁਨੀਆਂ ਵਿਚ ਕੋਈ ਮਿਸਾਲ ਨਹੀਂ।
ਲੱਖ ਪੁੱਤਰ ਹੋਵਣ ਮਾਵਾਂ ਦੇ, ਪਰ ਭੀਮ ਜਿਹਾ ਕੋਈ ਲਾਲ ਨਹੀਂ।
ਜਿਹੜੇ ਲੋਕ ਹਜ਼ਾਰਾਂ ਸਾਲਾਂ ਤੋਂ, ਗਏ ਲੁੱਟੇ ਅਤੇ ਲਤਾੜੇ ਸੀ।
ਜੋ ਕਹਿਣ ਨੂੰ ਤਾਂ ਇਨਸਾਨ ਹੀ ਸੀ, ਪਰ ਪਸ਼ੂਆਂ ਤੋਂ ਵੱਧ ਮਾੜੇ ਸੀ।
ਇਹਨਾਂ ਕਿਸਮਤ ਮਾਰੇ ਲੋਕਾਂ ਦਾ, ਕਿਸੇ ਰੱਬ ਨੂੰ ਆਇਆ ਖਿਆਲ ਨਹੀਂ।
ਲੱਖ ਪੁੱਤਰ ਹੋਵਣ ਮਾਵਾਂ ਦੇ....
ਦੁਨੀਆਂ ਨੇ ਉਸਨੂੰ ਦਰਦ ਦਿੱਤਾ, ਪਰ ਭੀਮਾ ਰਿਹਾ ਸਭ ਦਾ ਦਰਦੀ।
ਕੁੱਲ ਦੇਸ਼ ਨੂੰ ਮੰਨ ਪਰਿਵਾਰ ਲਿਆ, ਨਹੀਂ ਸਾਰ ਲਈ ਆਪਣੇ ਘਰ ਦੀ।
ਉਹ ਚਾਲ ਸਮੇਂ ਦੀ ਬਦਲ ਗਿਆ, ਪਰ ਆਪਣੀ ਬਦਲੀ ਚਾਲ ਨਹੀਂ।
ਲੱਖ ਪੁੱਤਰ ਹੋਵਣ ਮਾਵਾਂ ਦੇ.....
ਭੁਲਿਆ ਨਹੀਂ ਆਪਣੀ ਗੁਰਬਤ ਨੂੰ, ਭੁੱਲਿਆ ਨਹੀਂ ਨੰਗੇ ਫਰਸ਼ਾਂ ਨੂੰ
ਧਰਤੀ ਦੇ ਲੋਕ ਵਿਸਰੇ ਨਹੀਂ, ਭਾਵੇਂ ਜਾ ਛੋਹਿਆ ਅਰਸ਼ਾਂ ਨੂੰ।
ਅੰਬਰ ਤੱਕ ਉਚਾ ਉਠ ਕੇ ਵੀ, ਲੋਕਾਂ ਦਾ ਭੁੱਲਿਆ ਹਾਲ ਨਹੀਂ।
ਲੱਖ ਪੁੱਤਰ ਹੋਵਣ ਮਾਵਾਂ ਦੇ....
ਉਸ ਵੈਦ ਧਨੰਤਰ ਡਾਕਟਰ ਨੇ, ਬਿਨਾਂ ਨਬਜ਼ ਛੋਹਿਆਂ ਹੀ ਦੱਸ ਦਿੱਤਾ।
ਕਲਮੂੰਹੀ ਵਰਣ ਵਿਵਸਥਾ ਨੇ, ਸਾਰਾ ਹੀ ਭਾਰਤ ਡੱਬ ਦਿੱਤਾ।
ਹੁੰਦਾ ਹੈ ਧਰਮ ਸਹਾਇਤਾ ਲਈ, ਕਰਦਾ ਕੋਈ ਧਰਮ ਹਲਾਲ ਨਹੀਂ।
ਲੱਖ ਪੁੱਤਰ ਹੋਵਣ ਮਾਵਾਂ ਦੇ....
ਇਹ ਲੀਡਰ ਅਤੇ ਮਨਿਸਟਰੀਆਂ, ਨਾ ਭੀਮ ਹੁੰਦਾ ਕੁਛ ਨਾ ਹੁੰਦਾ।
ਇਹ ਬੰਗਲੇ ਅਤੇ ਜ਼ਮੀਨਾ ਕੀ, ਨਾ ਬਹਿਣ ਲਈ ਵੀ ਥਾਂ ਹੁੰਦਾ।
ਜੋ ਬਾਬਾ ਸਾਹਿਬ ਨੇ ਕੀਤਾ ਹੈ, ਉਹ ਕੀਤਾ ਕਿਸੇ ਕਮਾਲ ਨਹੀਂ।
ਲੱਖ ਪੁੱਤਰ ਹੋਵਣ ਮਾਵਾਂ ਦੇ.....

# ਪ੍ਰੀਤਮ ਪਿਆਰਾ

## (ਸ੍ਰੀ ਗੁਰੂ ਗੋਬਿੰਦ ਸਿੰਘ ਜੀ)



ਸੰਤ ਰਾਮ ਉਦਾਸੀ

ਮੇਰੀ ਸਖੀ ਸਹੇਲੜੀਓ, ਇਕ ਹਾਲ ਸੁਣਾਵਾਂ ਨੀ,
ਦੁੱਖ ਸੁਣ ਕੇ ਬੱਚਿਆਂ ਦਾ, ਮਰ ਜਾਵਣ ਮਾਵਾਂ ਨੀ!
ਜਦ ਧਰਮ ਨੂੰ ਖ਼ਤਰਾ ਸੀ, ਸਰਮਾਏਦਾਰੀ ਤੋਂ,
ਵਹਿਮਾਂ ਤੇ ਰਸਮਾਂ ਤੋਂ ਤੇ ਫਿਰਕਾਦਾਰੀ ਤੋਂ।
ਰਾਜੇ ਜਰਵਾਣੇ ਨੀ, ਕਰ ਜ਼ੋਰ ਧਿੰਙਾਣੇ ਨੀ,
ਪਤ ਖੋਕੇ ਲੋਕਾਂ ਦੀ ਕਰਦੇ ਮਨ ਭਾਣੇ ਨੀ।
ਲੋਕਾਂ ਦੀਆਂ ਲਹਿਰਾਂ ਨੂੰ ਜਨਤਾ ਦੀਆਂ ਮੰਗਾਂ ਨੂੰ,
ਲੋਕਾਂ ਦੀ ਸ਼ਾਨ ਦੀਆਂ, ਉਹਨਾਂ ਸਿਖਰ ਦੁਪਹਿਰਾਂ ਨੂੰ,
ਜ਼ਾਲਮ ਨਾ ਜਰਦੇ ਸੀ।
ਜੰਜੂ ਤੇ ਤਿਲਕਾਂ ਦੇ, ਉਹ ਲਾ ਬਹਾਨੇ ਨੀ,
ਤੰਗ ਡਾਹਢਾ ਕਰਦੇ ਸੀ।

ਦੁਖੀਆਂ ਦੀਆਂ ਚੀਕਾਂ ਨੇ, ਧਰਮਾਂ ਦੀਆਂ ਹੂਕਾਂ ਨੇ,
ਲੋਕਾਂ ਦੇ ਜਜ਼ਬੇ ਨੇ ਤੇ ਅਣਖ ਰੰਗੀਲੀ ਨੇ,
ਇਕ ਸ਼ੇਰ ਜਗਾ ਦਿੱਤਾ, ਤੇ ਲੜਨ ਸਿਖਾ ਦਿੱਤਾ।
ਉਸ ਮਰਦੇ ਮੁਜਾਹਦ ਨੇ,
ਚੁੱਕੀਆਂ ਤਲਵਾਰਾਂ ਹੋ, ਦੇ ਕੇ ਲਲਕਾਰਾ ਹੋ,
ਆਓ ਸਿਰ ਦੇਵਣ ਦਾ, ਹੁਣ ਕਰੋ ਤਿਆਰਾ ਹੋ।

ਧਰਤੀ ਦੀ ਹਿੱਕੜੀ ਨੂੰ,
ਸਮਿਆਂ ਦੀ ਸ਼ਕਤੀ ਨੂੰ, ਦੁਖੀਆਂ ਦੇ ਜੀਵਨ ਨੂੰ,
ਧਰਮਾਂ ਦੀ ਹਸਤੀ ਨੂੰ
ਲੋੜ ਖੂਨੀ ਰੰਗਤ ਦੀ, ਸਿਰ ਵਾਰੂ ਸੰਗਤ ਦੀ।

ਕੋਨੇ ਕੋਨੇ ਧਰਤੀ ਦੇ, ਛਿੜੀਆਂ ਝਰਨਾਟਾਂ ਸੀ,
ਬਲ ਉਠੀਆਂ ਲਾਟਾਂ ਸੀ,
ਸੀਨੇ ਫਿਰ ਜ਼ਾਲਮ ਦੇ, ਪਈਆਂ ਨਿਕਲ ਥਰਾਟਾਂ ਸੀ।

ਜ਼ਾਲਮ ਜਰਵਾਣੇ ਨੇ,
ਉਸ ਮਰਦ ਅਗੰਮੜੇ ਦੇ, ਬੱਚਿਆਂ ਨੂੰ ਕੋਹ ਦਿੱਤਾ।
ਬਾਬਲ ਤੇ ਮਾਤਾ ਨੂੰ, ਜ਼ੁਲਮਾਂ ਵਿਚ ਢੋਹ ਦਿੱਤਾ।
ਸਰਸਾ ਦੀਆਂ ਲਹਿਰਾਂ ਨੇ, ਜ਼ਾਲਮ ਦੇ ਕਹਿਰਾਂ ਨੇ,
ਸਿੰਘਾਂ ਦੇ ਵਿਛੋੜੇ ਨੇ, ਘਰ ਮਾਲ ਦੇ ਰੋੜ੍ਹੇ ਨੇ,
ਉਹਨੂੰ ਥਿੜਕਾਇਆ ਨਾ, ਤੇ ਉਹ ਘਬਰਾਇਆ ਨਾ।
ਲੋਕਾਂ ਦੀ
ਸੇਵਾ ਨੇ
ਬਲੀਦਾਨ ਦੇ
ਨਸ਼ਿਆਂ ਨੇ,
ਵਫਾਦਾਰੀ ਸਿੰਘਾਂ ਦੀ, ਤੇ ਬੇਪ੍ਰਵਾਹੀ ਨੇ,
ਜੰਗਲਾਂ ਵਿਚ ਸੱਥਰਾਂ 'ਤੇ ਉਹਨੂੰ ਲੰਮਿਆਂ ਪਾ ਦਿੱਤਾ,
ਤੇ ਘੂਕ ਸਵਾ ਦਿੱਤਾ।
ਇਸ ਸੁੱਤੇ ਮਾਹੀ ਨੂੰ, ਆ ਨੇੜਿਉਂ ਤੱਕੀਏ ਨੀ,
ਜ਼ਰਾ ਹੌਲੀ ਤੁਰਿਆ ਜੇ, ਨੀਂਦਰ ਨਾ ਖੁੱਲ੍ਹ ਜਾਵੇ,
ਜ਼ਰਾ ਤੱਕੋ ਅੜੀਓ ਨੀ, ਇਹਨੇ ਦੁੱਖੜੇ ਝੱਲ ਕੇ ਵੀ,
ਕਿੰਨਾ ਮੁੱਖ ਸੋਂਹਦਾ ਏ, ਤੇ ਮਨ ਨੂੰ ਮੋਂਹਦਾ ਏ।
ਤਾਜਾਂ ਦਾ ਰਾਖਾ ਨੀ, ਰਾਜਾਂ ਦਾ ਮਾਲਕ ਨੀ,
ਨਾ ਲੋਭ ਜਗੀਰਾਂ ਦਾ, ਬੱਸ ਪਿਆਰ ਏ ਤੀਰਾਂ ਦਾ,
ਸਤਿਗੁਰ ਇਕ ਫਿਰਕੇ ਦਾ, ਏਹਨੂੰ ਆਖੋ ਅੜਿਓ ਨਾ,
ਲੋਕਾਂ ਦਾ ਵਾਰਸ ਇਹ, ਦੁਨੀਆਂ ਦਾ ਢਾਰਸ ਇਹ,
ਵਹਿਮਾਂ ਤੇ ਰਸਮਾਂ ਦਾ, ਇਹ ਖੰਡਨ ਹਾਰਾ ਏ,
ਤਾਹੀਉਂ ਤਾਂ ਹਰ ਦਿਲ ਦਾ, ਇਹ ਪ੍ਰੀਤਮ ਪਿਆਰਾ ਏ।

# ਅਸਲੀਅਤ ਤੋਂ ਅਣਜਾਣ ਬੰਦਾ



-ਕਸ਼ਮੀਰ ਸਿੰਘ ਹੀਰਾ (916)-798-8142

ਬੰਦਾ ਬਣਿਆ ਬੰਦਗੀ ਦੇ ਕਰਨੇ ਨੂੰ
ਐਪਰ ਬੰਦੇ ਨੂੰ ਆਪਣੀ ਪਛਾਣ ਭੁੱਲ ਗਈ
ਝੂਠੇ ਧੰਦਿਆਂ ਵਿਚ ਉਲਝਿਆ ਫਿਰੇ ਬੰਦਾ
ਮੰਜ਼ਿਲ ਨੇੜੇ ਆਈ ਤਾਂ ਬੰਦੇ ਦੀ ਅੱਖ ਖੁੱਲ੍ਹ ਗਈ।
ਮੌਤ ਸਿਰ ਤੇ ਦੇਖ ਕੇ ਝੂਰੇ ਬੰਦਾ
ਜ਼ਿੰਦਗੀ ਕਿਵੇਂ ਗੁਜ਼ਰੀ ਉਹਨੂੰ ਇਹ ਗੱਲ ਭੁੱਲ ਗਈ।
ਜਿਨ੍ਹਾਂ ਖਾਤਰ ਕਮਾਈਆਂ ਕਰੇ ਬੰਦਾ
ਬੰਦਾ ਤੁਰ ਗਿਆ ਤਾਂ, ਬੰਦੇ ਦੀ ਯਾਦ ਭੁੱਲ ਗਈ।
ਝੂਠੀ ਸ਼ਾਨ ਖ਼ਾਤਿਰ, ਝੂਠ ਨਾਲ ਮੋਹ ਪਾਇਆ
ਸੱਚ ਜਾਣਿਆਂ ਤਾਂ ਬੰਦੇ ਨੂੰ ਹੋਸ਼ ਭੁੱਲ ਗਈ।
ਦੁਖ ਦੂਣ ਸਵਾਏ ਨੇ ਹੋਈ ਜਾਂਦੇ
ਕਿਉਂਕਿ ਬੰਦੇ ਨੂੰ ਬੰਦਾ ਬਣਾਉਣ ਵਾਲੇ ਦੀ ਯਾਦ ਭੁੱਲ ਗਈ।
ਝੂਠੀ ਕਮਾਈ ਵਿਚ ਜੀਵਨ ਗੁਜ਼ਾਰ ਦਿੱਤਾ
ਜਿਹਨੇ ਜੀਵਨ ਦਿੱਤਾ, ਉਹਦੀ ਕਿਉਂ ਯਾਦ ਭੁੱਲ ਗਈ।
ਲੱਖ ਚੌਰਾਸੀ ਦਾ ਸੀ ਸਿਰਤਾਜ ਬੰਦਾ
ਲੇਕਿਨ ਬੰਦੇ ਨੂੰ ਆਪਣੀ ਔਕਾਤ ਭੁੱਲ ਗਈ।
ਕਿੰਨੇ ਤੋਰੇ ਤੇ ਕਿੰਨਿਆਂ ਨੂੰ ਤੋਰਨਾ ਹੈ,
ਐਪਰ ਆਪ ਜਾਣ ਦੀ ਤੈਨੂੰ ਕਿਵੇਂ ਯਾਦ ਭੁੱਲ ਗਈ।
ਬਹੁਤੀ ਬੀਤੀ ਤੇ ਥੋੜ੍ਹੀ ਹੈ ਰਹਿ ਗਈ
ਅਸਲੀਅਤ ਜਾਣਨੇ ਦੀ ਤੈਨੂੰ ਕਿਉਂ ਯਾਦ ਭੁੱਲ ਗਈ
ਮਰਨ ਦਿਨ ਤਾਂ ਤੈਨੂੰ ਨਹੀਂ ਯਾਦ ਆਉਂਦਾ
ਕਿਉਂ ਨਹੀਂ ਤੈਨੂੰ ਜਨਮ ਤਾਰੀਖ ਭੁੱਲ ਗਈ।
ਪੂੰਜੀ ਸੁਆਸਾਂ ਵਾਲੀ ਹੈ ਖਤਮ ਹੋਈ ਜਾਂਦੀ
ਜਿਹੜੇ ਕੰਮ ਆਇਆਂ, ਉਹਦੀ ਕਿਉਂ ਤੈਨੂੰ ਯਾਦ ਭੁੱਲ ਗਈ।
''ਹੀਰਾ'' ਇਸੇ ਲਈ ਤੂੰ ਭਟਕਦਾ ਫਿਰਦਾ ਏਂ
ਕਿਉਂਕਿ ਤੈਨੂੰ ਵੀ ਸਿਰਜਣਹਾਰ ਦੀ ਯਾਦ ਭੁੱਲ ਗਈ।

# ਵੋਟਾਂ ਦਾ ਅਖਾੜਾ

## ਸੁਲਤਾਨ ਅਖਤਰ
## 510 586 9245



ਮਿੱਤਰਾ ਇਹ ਖੇਡ ਪਤੰਦਰਾਂ ਦੀ
ਲੁੱਟਣ ਲਈ ਲੜਦੇ ਬੰਦਰਾਂ ਦੀ
ਜਿਹੜਾ ਪਹਿਲਾਂ ਹੀ ਦਾਗੀ ਦਿਸਦਾ ਹੈ
ਕਰੀਂ ਸਮਝ ਨਾ ਮੁੜ ਅਜਮਾਂਵੀਂ
ਜਰਾ ਅਕਲਮੰਦੀ ਤੋਂ ਕੰਮ ਲਵੀਂ
ਵੋਟ ਸਮਝ ਕੇ ਪਾਂਵੀਂ....

(1)
ਪੰਜੇ ਨੇ ਤੇਰੇ ਪੰਜਿਆਂ ਦੀ
ਅੱਜ ਤੱਕ ਨਾ ਬਦਲੀ ਰੇਖਾ
ਕਦੇ ਰੱਬ ਤਕਦੀਰਾਂ ਬਦਲੂਗਾ
ਦਿੰਦੇ ਰਹੇ ਅੱਜ ਤੱਕ ਲੇਖਾ
ਜਰਾ ਸਮਝ ਸਿਆਸਤ ਧੋਖੇ ਨੂੰ
ਕਿਤੇ ਫੇਰ ਨਾ ਫੁੰਡਿਆ ਜਾਂਵੀਂ
ਅਕਲਮੰਦੀ ਤੋਂ ਕੰਮ ਲਵੀਂ......

(2)
ਜਿਹੜਾ ਫੁੱਲ ਕਮਲ ਚੁੱਕ ਤੁਰਿਆ
ਉਹ ਮਾਸਟਰ ਮਾਂਈਂਡ ਹੈ ਦੰਗਿਆਂ ਦਾ
ਅਜੇ ਕੱਲ੍ਹ ਦੇ ਤਾਜੇ ਜ਼ਖਮ ਕਹਿਣ
ਕਿਰਦਾਰ ਮੋਦੀ ਜਹੇ ਬੰਦਿਆਂ ਦਾ
ਇੱਕੋ ਹਵਸ ਹੈ ਮੁਲਕ ਨੂੰ ਲੁੱਟਣ ਦੀ
ਬੇ-ਦਾਗ ਨੇਤਾ
ਅਪਣਾਂਵੀਂ
ਅਕਲਮੰਦੀ ਤੋਂ ਕੰਮ ਲਵੀਂ............

(3)
ਤੱਕੜੀ ਸੀ ਬਾਬੇ ਨਾਨਕ ਦੀ
ਇਹਨਾ ਭੁੱਕੀ ਤੋਲਣ ਲਾ ਦਿੱਤੀ
ਤੇਰਾਂ ਦਾ ਪਹਾੜਾ ਪੜਦੀ ਸੀ
ਇਹਨਾਂ ਬਾਦਲ ਕਹਿਣ ਸਿੱਖਾ ਦਿੱਤੀ
ਇਹਨਾ ਗੁਰੂ ਵੀ ਸੇਲ ਤੇ ਲਾ ਛੱਡਿਆ
ਹਾਂ ਵਿੱਚ ਨਾ ਹਾਂ ਮਿਲਾਂਵੀ
ਜਰਾ ਅਕਲਮੰਦੀ ਤੋਂ ਕੰਮ ਲਵੀਂ...

(4)
ਝਾੜੂ ਦਾ ਦਰਦੀ ਝਾੜੂ ਲੈ
ਗੰਦਗੀ ਨੂੰ ਹੂੰਝਣ ਆਇਆ ਹੈ
ਉਹਨੇ ਹੱਕ ਸੱਚ ਇੰਨਸਾਫ ਲਈ
ਝਾੜੂ ਹੀ ਨਿਸ਼ਾਂਨ ਬਣਾਂਇਆਂ ਹੈ
ਉਹਨੂੰ ਅਰਵਿੰਦ ਕੇਜਰੀਵਾਲ ਕਹਿਣ
,ਸੁਲਤਾਨ, ਨੂੰ ਵੀ ਸਮਝਾਂਵੀਂ
ਜਰਾ ਅਕਲਮੰਦੀ ਤੋਂ ਕੰਮ ਲਵੀਂ
ਵੋਟ ਸਮਝ ਕੇ ਪਾਂਵੀਂ...

# ਸ਼ਰਮ ਕਰ ਛਾਣਨੀਏਂ!



-ਤਰਲੋਚਨ ਸਿੰਘ
'ਦੁਪਾਲ ਪੁਰ'
001-408-915-1268

ਕਲ੍ਹ 'ਚਿੱਟੀ' ਤੇ ਬੰਨ੍ਹ ਕੇ ਅੱਜ 'ਨੀਲੀ'
ਜਿਨਾਂ ਡੱਡੂ-ਟਪੂਸੀਆਂ ਮਾਰੀਆਂ ਜੀ।
ਖਾਏ ਖਸਮਾਂ ਨੂੰ ਫਲਸਫਾ ਪਾਰਟੀ ਜਾਂ
'ਬੁਰਕੀ' ਵਾਸਤੇ ਬਦਲਦੇ ਯਾਰੀਆਂ ਜੀ।
ਮੂਜੀ ਮਰਦ ਇਹ ਲ੍ਹਾਣਤਾਂ ਲੱਖ ਪਾਵੋ
ਸੌ ਗੁਣ ਚੰਗੀਆਂ ਇਨਾਂ ਤੋਂ ਨਾਰੀਆਂ ਜੀ।
ਛਪੇ ਦੇਖ 'ਬਿਆਨ' ਦਲ-ਬਦਲੂਆਂ ਦੇ
ਸੀਨੇ ਚਲਦੀਆਂ ਤਿੱਖੀਆਂ ਆਰੀਆਂ ਜੀ।
ਮੂੰਹੋਂ ਕੁਸਕਦੇ ਭੋਰਾ ਨਾ ਦੇਖ ਸਾਹਵੇਂ
ਕਾਣਿ ਰੱਖ ਕੇ 'ਤੱਕੜੀ' ਤੋਲਦੀ ਨੂੰ।
ਬਾਂਹ ਕੱਢ ਕੇ ਬੋਲੇ ਤਾਂ ਛੱਜ ਬੋਲੇ
ਆਵੇ ਸ਼ਰਮ ਨਾ ਛਾਣਨੀ ਬੋਲਦੀ ਨੂੰ!!

# ਇਹ ਦੁਨੀਆਂ

## – ਰਣਧੀਰ 'ਸੁੰਮਨ'

ਇਹ ਦੁਨੀਆਂ ਮਿਹਨਤ ਕਸ਼ਿਆਂ ਦੀ
ਇਹ ਦੁਨੀਆਂ ਦਾਰੂ ਤੇ ਨਸ਼ਿਆਂ ਦੀ
ਇਹ ਦੁਨੀਆਂ ਪਾਪੀ ਬੰਦਿਆਂ ਦੀ
ਇਹ ਦੁਨੀਆਂ ਗੋਰਖ ਧੰਦਿਆਂ ਦੀ
ਇਹ ਦੁਨੀਆਂ, ਇਹ ਦੁਨੀਆਂ...

ਇਹ ਦੁਨੀਆਂ ਧੋਖੇਬਾਜ਼ਾਂ ਦੀ
ਇਹ ਦੁਨੀਆਂ ਸੱਚੇ ਰਾਜਾਂ ਦੀ
ਇਹ ਦੁਨੀਆਂ ਅਕਲਮੰਦਾਂ ਦੀ
ਇਹ ਦੁਨੀਆਂ ਝੂਠ ਕਲੰਦਾਂ ਦੀ
ਇਹ ਦੁਨੀਆਂ, ਇਹ ਦੁਨੀਆਂ....

ਇਹ ਦੁਨੀਆਂ ਰੋੜੀ ਕੁਟਦਿਆਂ ਦੀ
ਇਹ ਦੁਨੀਆਂ ਗਲੀਆਂ ਬੁਕਦਿਆਂ ਦੀ
ਇਹ ਦੁਨੀਆਂ ਮਹਿਲੀ ਸੌਂਦਿਆਂ ਦੀ
ਇਹ ਦੁਨੀਆਂ ਭੁੱਖੀ ਰੋਂਦਿਆਂ ਦੀ
ਇਹ ਦੁਨੀਆਂ, ਇਹ ਦੁਨੀਆਂ..

ਇਹ ਦੁਨੀਆਂ ਝੂਠੀਆਂ ਜਾਤਾਂ ਦੀ
ਇਹ ਦੁਨੀਆਂ ਪੁਠੀਆਂ ਪਾਤਾਂ ਦੀ
ਇਹ ਦੁਨੀਆਂ ਚੋਰ ਫਕੀਰਾਂ ਦੀ
ਇਹ ਦੁਨੀਆਂ ਸਚਿਆਂ ਪੀਰਾਂ ਦੀ
ਇਹ ਦੁਨੀਆਂ, ਇਹ ਦੁਨੀਆਂ...

'ਸੁਮਨਾ' ਦੁਨੀਆਂ ਇਕ ਬੁਝਾਰਤ
ਇਹਨੂੰ ਬੁਝਣਾ ਤੇਰੇ ਵੱਸ ਨਹੀਂ
ਮੰਜ਼ਿਲ ਵੱਲ ਤੂੰ ਵਧਦਾ ਜਾ ਵੇ
ਫੋਕੇ ਅਡੰਬਰੀ ਫਸ ਨਹੀਂ

# ਸਾਹਿਬ ਕਾਂਸ਼ੀ ਰਾਮ ਨੇ ਹਰ ਸਫ਼ਲ ਕਦਮ ਉਠਾਇਆ- ਦੀਨਾ ਭਾਨਾ

ਮੈਂ ਕਿਹਾ ਸੀ ਸਾਹਿਬ ਤੁਸੀਂ ਰਹਿਣ ਦਿਓ। ਤਾਂ ਕਾਂਸ਼ੀ ਰਾਮ ਸਾਹਿਬ ਨੇ ਕਿਹਾ ਦੀਨਾ ਭਾਨਾ ਲੜਾਈ ਤੇਰੀ ਕੱਲੇ ਦੀ ਨਹੀਂ ਇਹ ਸਾਡੀ ਸਾਂਝੀ ਲੜਾਈ ਹੈ ਜਦੋਂ ਬ੍ਰਾਹਮਣਵਾਦ ਆਪਣੀ ਚਰਮ ਸੀਮਾ ਪਰ ਸੀ ਉਸ ਸਮੇਂ ਪੂਨਾ ਨਗਰੀ 'ਚ ਜੋਤੀਬਾ ਫੂਲੇ, ਜੋ ਅੱਗੇ ਜਾ ਕੇ ਮਹਾਤਮਾ ਉਪਾਧੀ ਨਾਲ ਜਾਣੇ ਗਏ। ਆਪਣੀ ਜਵਾਨੀ ' ਜੋਤੀਬਾ ਰਾਓ ਫੂਲੇ ਨੇ ਬ੍ਰਾਹਮਣਵਾਦੀ ਵਿਵਸਥਾ ਦੇ ਖਿਲਾਫ ਸੰਘਰਸ਼ ਆਰੰਭ ਕਰ ਦਿੱਤਾ ਅਤੇ ਆਪਣੇ ਜੀਵਨ ਦੇ ਅੰਤਮ ਸਮੇਂ ਤੱਕ ਸੰਘਰਸ਼ ਕਰਦੇ ਰਹੇ। ਉਹਨਾਂ ਤੋਂ ਬਾਅਦ ਮਹਾਂਰਾਸ਼ਟਰ ਦੇ ਕੋਹਲਾਪੁਰ ਜ਼ਿਲ੍ਹੇ ਵਿਚ ਪੈਦਾ ਹੋਏ ਕੋਹਲਾਪੁਰ ਦੇ ਰਾਜਾ ਰਾਜ ਸ੍ਰੀ ਸ਼ਾਹੂ ਜੀ ਮਹਾਰਾਜ ਨੇ ਬ੍ਰਾਹਮਣਵਾਦ ਉਪਰ ਦੂਸਰਾ ਹਮਲਾ ਕੀਤਾ। ਉਹਨਾਂ ਦੇ ਮਰਨ ਉਪਰੰਤ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਦਕਰ ਨੇ ਮਹਾਤਮਾ ਜੋਤੀਬਾ ਫੂਲੇ ਦੇ ਅੰਦੋਲਨ ਨੂੰ ਅੱਗੇ ਵਧਾਇਆ। ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਅਣਥੱਕ ਯਤਨਾਂ ਅਤੇ ਜੀਵਨ ਸੰਘਰਸ਼ ਨੇ ਸ਼ੂਦਰ ਅਤੇ ਅਤਿਸ਼ੂਦਰਾਂ ਵਿਚ ਇਕ ਨਵੀਂ ਚੇਤਨਾ ਪੈਦਾ ਕੀਤੀ। ਮਨੂੰ ਦੇ ਸੰਵਿਧਾਨ (ਬ੍ਰਾਹਮਣਵਾਦ) ਨੂੰ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੇ ਆਜ਼ਾਦ ਭਾਰਤ ਨੂੰ ਨਵਾਂ ਸੰਵਿਧਾਨ ਦੇ ਕੇ ਖਤਮ ਕਰ ਦਿੱਤਾ। ਲੇਕਿਨ ਉਸ ਨਾਲ ਵੀ ਭਾਰਤ ਦੇ ਬ੍ਰਾਹਮਣਵਾਦੀ ਲੋਕਾਂ ਦੀ ਨੀਅਤ ਵਿਚ ਕੋਈ ਪਰਿਵਰਤਨ ਨਹੀਂ ਆਇਆ।

ਕੇਂਦਰ ਸਰਕਾਰ ਦੁਆਰਾ ਸੰਚਾਲਿਤ ਕੇਂਦਰੀ ਇੰਸਟੀਚਿਊਟ ਆਫ ਮਿਲਟਰੀ- ਪੂਨਾ ਵਿਚ ਕੰਮ ਕਰ ਰਹੇ ਸਨ। ਉਸ ਸੰਸਥਾ ਵਿਚ ਸਾਰੇ ਦੇਸ਼ ਦੇ ਵੱਖ ਵੱਖ ਪ੍ਰਦੇਸ਼ਾਂ ਵਿਚੋਂ ਆਏ ਕਰਮਚਾਰੀ ਕੰਮ ਕਰ ਰਹੇ ਸਨ।ਇਸ ਸੰਸਥਾ ਵਿਚ ਛੁੱਟੀਆਂ ਦਾ ਫੈਸਲਾ ਲਿਆ ਗਿਆ ਪਰ ਉਹਨਾਂ ਛੁੱਟੀਆਂ ਵਿਚ ਜਿਹਨਾਂ ਭਾਰਤ ਦੇ ਕਰੋੜਾਂ ਦਲਿਤ ਸ਼ੋਸ਼ਿਤ ਸਮਾਜ ਦੇ ਲੋਕ ਆਪਣਾ ਮਾਰਗ ਦਾਤਾ ਮੰਨਦੇ ਹਨ ਅਤੇ ਜਿਹਨਾਂ ਦਾ ਜਨਮ ਦਿਨ ਸਾਰੇ ਦੇਸ਼ ਵਿਚ ਆਪਣੇ ਦਿਨ ਦੇ ਰੂਪ ਵਿਚ ਮਨਾਇਆ ਜਾਂਦਾ ਹੈ, ਉਸ ਡਾ. ਅੰਬੇਦਕਰ ਜੀ ਅਤੇ ਸਾਰੇ ਵਿਸ਼ਵ ਨੂੰ ਸੰਦੇਸ਼ ਦੇਣ ਵਾਲੇ ਮਹਾਤਮਾ ਬੁੱਧ ਜੀ ਦੀ ਜੈਅੰਤੀ ਦੀ ਛੁੱਟੀ ਸ਼ਾਮਲ ਨਹੀਂ ਸੀ। ਇਸ ਗੱਲ ਨੂੰ ਉਸ ਸੰਸਥਾ ਵਿਚ ਕੰਮ ਕਰਨ ਵਾਲੇ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਨੇ ਰੋਸ ਪ੍ਰਗਟਾਇਆ ਤਾਂ ਬ੍ਰਾਹਮਣਵਾਦੀ ਲੋਕ ਇਸ ਰੋਸ ਵਿਰੁੱਧ ਭੜਕ ਉਠੇ ਤਾਂ ਉਹਨਾਂ ਨੇ ਡਾ. ਅੰਬੇਦਕਰ ਜੀ ਦੇ ਸਮਰਥਕਾਂ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ। ਉਹਨਾਂ ਨੇ ਡਾ. ਅੰਬੇਦਕਰ ਜੀ ਦੇ ਸਮਰਥਕਾਂ ਸਾਹਮਣੇ ਦੋ ਪ੍ਰਸਤਾਵ ਰੱਖੇ, ਉਹ ਸਨ ਨੌਕਰੀ ਜਾਂ ਛੁੱਟੀ। ਉਸ ਸਮੇਂ ਡਾ. ਅੰਬੇਦਕਰ ਜੀ ਨੂੰ ਮੰਨਣ ਵਾਲੇ ਮਹਾਰਾਂ ਨੇ ਨੌਕਰੀ ਨੂੰ ਚੁਣਿਆ ਅਤੇ ਆਪਣਾ ਸਵੈਮਾਣ ਅਤੇ ਆਤਮ ਸਨਮਾਨ ਗੁਆ ਲਿਆ। ਉਸ ਸਮੇਂ ਰਾਜਸਥਾਨ ਵਿਚ ਪੈਦਾ ਹੋਇਆ ਵਾਲਮੀਕ ਜਿਸਦਾ ਨਾਂ ਸੀ 'ਦੀਨਾ ਭਾਨਾ' ਅਤੇ ਉਸ ਦੇ ਪਿਤਾ ਦਾ ਨਾਮ ਸੀ ਭਾਨਾ। ਲੇਕਿਨ ਉਸਨੂੰ ਦੀਨਾ ਭਾਨਾ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਦੀਨਾ ਭਾਨਾ ਸੀਨਾ ਠੋਕ ਕਰ ਅੱਗੇ ਆਇਆ ਅਤੇ ਉਸਨੇ ਕਿਹਾ ਕਿ ਮੈਨੂੰ ਤਾਂ ਭਗਵਾਨ ਬੁੱਧ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਜਨਮ ਦਿਨ ਦੀ ਛੁੱਟੀ ਵੀ ਚਾਹੀਦੀ ਹੈ ਅਤੇ ਨੌਕਰੀ ਵੀ। ਦੀਨਾ ਭਾਨਾ ਦੀ ਇਸ ਲਲਕਾਰ ਨੂੰ ਆਪਣਾ ਅਪਮਾਨ ਮੰਨ ਕੇ ਬ੍ਰਾਹਮਣਵਾਦੀ ਲੋਕਾਂ ਨੇ ਦੀਨਾ ਭਾਨਾ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ। ਦੀਨਾ ਭਾਨਾ ਦੀ ਮੁਅੱਤਲੀ ਦੀ ਜਿਸ ਸਮੇਂ ਬ੍ਰਾਹਮਣਵਾਦੀ ਖੁਸ਼ੀ ਮਨਾ ਰਹੇ ਸਨ, ਉਸ ਸਮੇਂ ਪੰਜਾਬ ਤੋਂ ਨੌਕਰੀ ਕਰਨ ਆਏ ਕਾਂਸ਼ੀ ਰਾਮ ਨੇ ਬ੍ਰਾਹਮਣਵਾਦੀਆਂ ਨੂੰ ਲਲਕਾਰਿਆ ਅਤੇ ਦੀਨਾ ਭਾਨਾ ਨੂੰ ਕਿਹਾ, 'ਦੀਨਾ ਭਾਨਾ ਜੀ ਇਹ ਲੜਾਈ ਹੁਣ ਤੁਹਾਡੇ ਇਕੱਲਿਆਂ ਦੀ ਨਹੀਂ, ਇਹ ਲੜਾਈ ਹੁਣ ਸਾਡੀ ਸਭ ਦੀ ਹੈ।' ਕਿਉਂਕਿ ਤੂੰ ਵਾਲਮੀਕ ਹੈ ਤੇ ਮੈਂ ਚਮਾਰ ਹਾਂ, ਅਸੀਂ ਭਰਾ ਭਰਾ ਹਾਂ। ਕਾਂਸ਼ੀ ਰਾਮ ਜੀ ਦੇ ਸੰਘਰਸ਼ ਨੇ ਦੀਨਾ ਭਾਨਾ ਦੀ ਨੌਕਰੀ ਵਾਪਸ ਲੁਆ ਦਿੱਤੀ ਅਤੇ ਉਸ ਸਮੇਂ ਕਸਮ ਖਾਧੀ ਕਿ ਬ੍ਰਾਹਮਣਵਾਦੀ ਸਮਾਜ ਨੂੰ ਜੜ੍ਹ ਤੋਂ ਉਖਾੜ ਦਿਆਂਗੇ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਦੇ ਅਧੂਰੇ ਮਿਸ਼ਨ ਨੂੰ ਪੂਰਾ ਕਰਾਂਗੇ। ਉਸ ਦਿਨ ਤੋਂ ਹੀ ਕਾਂਸ਼ੀ ਰਾਮ ਜੀ ਆਪਣੇ ਰਸਤੇ ਤੇ ਚੱਲ ਪਏ, ਆਪਣੇ ਸਾਰੇ ਸੁੱਖ ਤਿਆਗ ਕੇ, ਸਮਾਂ ਬੀਤਦਾ ਗਿਆ ਤੇ ਕਾਫਲਾ ਵਧਦਾ ਗਿਆ।

ਬਹੁਜਨ ਸਮਾਜ ਪਾਰਟੀ ਦੇ ਕੇਂਦਰੀ ਦਫਤਰ 'ਚ ਨਵੀਂ ਦਿੱਲੀ ਵਿਖੇ ਦੀਨਾ ਭਾਨਾ ਜੀ ਨਾਲ ਇਸ ਸਬੰਧ ਵਿਚ ਹੋਈ ਗੱਲਬਾਤ ਦੇ ਮੁੱਖ ਅੰਸ਼:

ਸਵਾਲ: ਦੀਨਾ ਭਾਨਾ ਜੀ ਤੁਸੀਂ ਪੂਨਾ ਵਿਖੇ ਕੀ ਕਰਨ ਆਏ ਸੀ?

ਦੀਨਾ ਭਾਨਾ- ਮੇਰਾ ਪਿੰਡ ਬਗਾਸ ਹੈ ਜੋ ਰਾਜਸਥਾਨ 'ਚ ਜ਼ਿਲ੍ਹਾ ਜੈਸਲਮੇਰ ਵਿਚ ਆਉਂਦਾ ਹੈ, ਮੈਂ ਪਿਤਾ ਜੀ ਦੀ ਮੌਤ ਤੋਂ ਬਾਅਦ ਦਿੱਲੀ ਆਇਆ ਅਤੇ ਵੱਡੇ ਭਰਾ ਦੇ ਨਾਲ ਰਹਿਣ ਲੱਗ ਪਿਆ। ਇਕ ਵਾਰ ਭਰਾ ਦੇ ਨਾਲ ਕੁਝ ਅਣਬਣ ਹੋ ਗਈ, ਮੈਂ ਦਿੱਲੀ ਵਿਚ ਭਰਾ ਦੇ ਘਰ ਤੋਂ ਭੱਜ ਕੇ ਪੂਨਾ ਆ ਗਿਆ।

ਸਵਾਲ: ਤੁਹਾਨੂੰ ਕੇਂਦਰੀ ਇੰਸਟੀਚਿਊਟ ਆਫ ਮਿਲਟਰੀ ਪੂਨਾ 'ਚ ਨੌਕਰੀ ਕਦੋਂ ਮਿਲੀ?

ਦੀਨਾ ਭਾਨਾ- ਸੀ. ਆ. ਐਮ. ਈ 'ਚ ਮੈਨੂੰ ਕੰਮ ਮਿਲਿਆ। ਉਸ ਸਮੇਂ ਦਸ ਆਨਾ ਮਜ਼ਦੂਰੀ ਮਿਲਦੀ ਸੀ।

ਸਵਾਲ: ਤੁਹਾਨੂੰ ਡਾ. ਅੰਬੇਦਕਰ ਜੀ ਦੇ ਜੀਵਨ ਅਤੇ ਮਿਸ਼ਨ ਦੀ ਜਾਣਕਾਰੀ ਕਿੱਥੋਂ ਮਿਲੀ?

ਦੀਨਾ ਭਾਨਾ- ਜਦੋਂ ਮੈਂ ਕੁਝ ਸਮੇਂ ਦਿੱਲੀ ਵਿਚ ਰਿਹਾ ਸੀ। ਉਸ ਸਮੇਂ ਦੌਰਾਨ ਮੈਨੂੰ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਸਬੰਧ ਵਿਚ ਜਾਣਕਾਰੀ ਮਿਲੀ ਤੇ ਪੂਨਾ ਵਿਚ ਆ ਕੇ ਜਾਣਕਾਰੀ ਵਿਚ ਹੋਰ ਵਾਧਾ ਹੋਇਆ।

ਸਵਾਲ: ਕਾਂਸ਼ੀ ਰਾਮ ਜੀ ਸੀ. ਆ. ਐਮ. ਈ. ਵਿਚ ਕਦੋਂ ਆਏ?

ਦੀਨਾ ਭਾਨਾ- ਕਾਂਸ਼ੀ ਰਾਮ ਜੀ ਮੇਰੇ ਤੋਂ ਕੁਝ ਦੇਰ ਬਾਅਦ ਆਏ।

ਸਵਾਲ: ਤੁਹਾਡੇ ਅਤੇ ਕਾਂਸ਼ੀ ਰਾਮ ਜੀ ਦਾ ਸੰਪਰਕ ਕਿਵੇਂ ਬਣਿਆ?

ਦੀਨਾ ਭਾਨਾ- ਉਥੇ ਮੇਰੀ ਤਰੱਕੀ ਹੋਈ ਤਾਂ ਮੈਨੂੰ ਕਾਂਸ਼ੀ ਰਾਮ ਜੀ ਜਿਸ ਪ੍ਰਯੋਗਸ਼ਾਲਾ ਵਿਚ ਕੰਮ ਕਰ ਰਹੇ ਸਨ, ਉਥੇ ਭੇਜ ਦਿੱਤਾ। ਇਸ ਤਰ੍ਹਾਂ ਮੈਂ ਕਾਂਸ਼ੀ ਰਾਮ ਜੀ ਦੇ ਸੰਪਰਕ ਵਿਚ ਆਇਆ।

ਸਵਾਲ: ਕਾਂਸ਼ੀ ਰਾਮ ਜੀ ਅਨੁਸੂਚਿਤ ਜਾਤੀ ਨਾਲ ਸਬੰਧਤ ਹਨ, ਇਹ ਤੁਹਾਨੂੰ ਕਦੋਂ ਪਤਾ ਲੱਗਾ?

ਦੀਨਾ ਭਾਨਾ- ਪਹਿਲਾਂ ਪਹਿਲਾਂ ਤਾਂ ਮੈਂ ਸੋਚਦਾ ਸੀ ਕਿ ਕਾਂਸ਼ੀ ਰਾਮ ਜੀ ਪੰਜਾਬ ਤੋਂ ਜੱਟ ਸਮਾਜ ਨਾਲ ਸਬੰਧਤ ਹਨ, ਕਿਉਂਕਿ ਉਹਨਾਂ ਦੀ ਸਿਹਤ ਬਹੁਤ ਤਕੜੀ ਸੀ, ਦੇਖਣ ਨੂੰ ਬੜੇ ਸੁਨੱਖੇ ਸਨ। ਮੈਨੂੰ ਨਹੀਂ ਲੱਗਦਾ ਸੀ ਕਿ ਕਾਂਸ਼ੀ ਰਾਮ ਜੀ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਣਗੇ। ਇਕ ਵਾਰ ਪੰਜਾਬ ਤੋਂ ਕਾਂਸ਼ੀ ਰਾਮ ਜੀ ਨੂੰ ਇਕ ਪੱਤਰ ਆਇਆ, ਉਸ ਉਪਰ ਲਿਖਿਆ ਸੀ 'ਸ੍ਰੀ ਕਾਂਸ਼ੀ ਰਾਮ ਰਾਮਦਾਸੀਆ' ਉਸ ਵੇਲੇ ਮੈਨੂੰ ਪਤਾ ਲੱਗਾ ਕਿ ਕਾਂਸ਼ੀ ਰਾਮ ਅਨੁਸੂਚਿਤ ਜਾਤੀ ਨਾਲ ਸਬੰਧਤ ਹਨ।

ਸਵਾਲ: ਉਹ ਕਿਹੜੀ ਘਟਨਾ ਹੈ ਜਿਸਨੇ ਕਾਂਸ਼ੀ ਰਾਮ ਜੀ ਦੇ ਜੀਵਨ ਨੂੰ ਨਵਾਂ ਮੋੜ ਦਿੱਤਾ।

ਦੀਨਾ ਭਾਨਾ- ਮੈਨੂੰ ਬਹੁਤ ਜ਼ਿਆਦਾ ਬੋਲਣ ਦੀ ਆਦਤ ਸੀ, ਇਸ ਆਦਤ ਦੇ ਕਾਰਨ ਮੈਂ ਜ਼ਿਆਦਾ ਲੋਕਾਂ ਦੇ ਸੰਪਰਕ ਵਿਚ ਰਹਿੰਦਾ ਸੀ, ਉਹਨਾਂ ਦੀ ਛੋਟੀ ਮੋਟੀ ਸਮੱਸਿਆ ਦੇ ਵੱਲ ਧਿਆਨ ਦਿੰਦਾ ਸੀ। ਅਧਿਕਾਰੀਆਂ ਨੂੰ ਇਹ ਗੱਲ ਚੰਗੀ ਨਹੀਂ ਸੀ ਲੱਗਦੀ, ਇਸ ਕਾਰਨ ਮੈਨੂੰ ਚਾਰਜਸ਼ੀਟ ਵੀ ਕੀਤਾ ਗਿਆ। ਮੈਂ ਛੋਟੇ ਕਰਮਚਾਰੀਆਂ ਦੀਆਂ ਸ਼ਿਕਾਇਤਾਂ ਵੱਲ ਧਿਆਨ ਦਿੰਦਾ ਸੀ, ਇਸ ਲਈ ਮੈਨੂੰ ਕਰਮਚਾਰੀਆਂ ਨੇ ਕਲਿਆਣ ਸੰਮਤੀ ਦੇ ਪ੍ਰਤੀਨਿਧੀ ਦੇ ਰੂਪ ਵਿਚ ਚੁਣਿਆ। ਮੈਂ ਕਰਮਚਾਰੀਆਂ ਦਾ ਪ੍ਰਤੀਨਿਧੀ ਹੋਣ ਦੇ ਕਾਰਨ ਵਰਕਰਜ਼ ਕਮੇਟੀ ਦੀਆਂ ਬੈਠਕਾਂ ਵਿਚ ਬੈਠਦਾ ਸੀ। ਦਸੰਬਰ ਦੇ ਲਈ ਛੁੱਟੀਆਂ ਤਹਿ ਕੀਤੀਆਂ ਗਈਆਂ। ਇਹਨਾਂ ਛੁੱਟੀਆਂ ਵਿਚ ਹੋਲੀ, ਦੁਸ਼ਹਿਰਾ, ਦੀਵਾਲੀ, ਰਾਮਨੌਮੀ, ਇਸ ਤਰ੍ਹਾਂ ਦੀਆਂ ਛੁੱਟੀਆਂ ਸਨ। ਮੈਨੂੰ ਵੀ ਸਹਿਮਤੀ ਪੱਤਰ ਤੇ ਦਸਤਖਤ ਕਰਨ ਲਈ ਕਿਹਾ ਗਿਆ। ਲੇਕਿਨ ਮੈਂ ਸਹਿਮਤੀ ਪੱਤਰ ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ।

ਸਵਾਲ: ਤੁਸੀਂ ਸਹਿਮਤੀ ਪੱਤਰ ਤੇ ਦਸਤਖਤ ਕਰਨ ਤੋਂ ਕਿਉਂ ਇਨਕਾਰ ਕੀਤਾ?

ਦੀਨਾ ਭਾਨਾ- ਕਿਉਂਕਿ ਸਾਡੇ ਨਾਲ ਸਾਰੀਆਂ ਜਾਤੀਆਂ ਅਤੇ ਧਰਮਾਂ ਦੇ ਲੋਕ ਕੰਮ ਕਰਦੇ ਸਨ। ਮਹਾਰ, ਮਰਾਠਾ, ਮੁਸਲਮਾਨ, ਈਸਾਈ, ਬੋਧੀ ਆਦਿ, ਲੇਕਿਨ ਇਸ ਸੂਚੀ ਵਿਚ ਡਾ. ਅੰਬੇਦਕਰ ਜੈਅੰਤੀ, ਸ਼ਿਵਾਜੀ ਜੈਅੰਤੀ, ਬੁੱਧ ਜੈਅੰਤੀ ਇਹਨਾਂ ਵਿਚੋਂ ਕੋਈ ਛੁੱਟੀ ਨਹੀਂ ਸੀ। ਇਸ ਲਈ ਮੈਂ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ।

ਸਵਾਲ: ਤੁਸੀਂ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਤੋਂ ਬਾਅਦ ਫਿਰ ਕੀ ਹੋਇਆ?

ਦੀਨਾ ਭਾਨਾ- ਸਾਡੇ ਵਰਕਰ ਕਮੇਟੀ ਦੇ ਚੇਅਰਮੈਨ ਰਾਮ ਚੰਦਨ ਸੀ, ਉਹਨਾਂ ਨੇ ਮੈਨੂੰ ਕਿਹਾ ਕਿ ਦੀਨਾ ਭਾਨਾ ਤੁਸੀਂ ਤਾਂ ਰਾਜਸਥਾਨ ਦੇ ਰਹਿਣ ਵਾਲੇ ਹੋ। ਤੁਹਾਨੂੰ ਇਹਨਾਂ ਗੱਲਾਂ ਵਿਚੋਂ ਕੀ ਲੈਣਾ ਦੇਣ। ਤਾਂ ਮੈਂ ਕਿਹਾ ਕਿ ਸਾਹਿਬ ਮੈਂ ਹੁਣ ਰਾਜਸਥਾਨ ਵਿਚ ਨਹੀਂ ਰਹਿੰਦਾ, ਮਹਾਂ ਰਾਸ਼ਟਰ ਵਿਚ ਰਹਿੰਦਾ ਹਾਂ। ਮੈਨੂੰ ਮਹਾਂਰਾਸ਼ਟਰ ਦੀ ਗੱਲ ਕਰਨੀ ਚਾਹੀਦੀ ਹੈ। ਮੈਨੂੰ ਰਾਜਸਥਾਨ ਨਾਲ ਕੀ ਮਤਲਬ। ਉਹਨਾਂ ਨੇ ਗੁੱਸੇ ਵਿਚ ਕਿਹਾ ਕਿ ਤੁਸੀਂ ਜ਼ਿਆਦਾ ਗੱਲਾਂ ਨਾ ਕਰੋ, ਇੱਥੇ ਦਸਤਖਤ ਕਰੋ। ਮੈਂ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਚੇਅਰਮੈਨ ਨੇ ਮੈਨੂੰ ਕਿਹਾ ਕਿ ਦੀਨਾ ਭਾਨਾ ਅੱਜਕਲ੍ਹ ਤੂੰ ਜ਼ਿਆਦਾ ਬੋਲਣਾ ਸ਼ੁਰੂ ਕਰ ਦਿੱਤਾ ਹੈ, ਤੂੰ ਮੈਨੂੰ ਕਾਇਦੇ ਕਾਨੂੰਨ ਸਿਖਾ ਰਿਹਾ ਹੈ। ਇਹ ਕਹਿ ਕੇ ਚੇਅਰਮੈਨ ਉਠ ਕੇ ਬਾਹਰ ਚਲਾ ਗਿਆ।

ਸਵਾਲ: ਚੇਅਰਮੈਨ ਜਦੋਂ ਉਠ ਕੇ ਬਾਹਰ ਚਲਾ ਗਿਆ ਤਾਂ ਫਿਰ ਤੁਸੀਂ ਕੀ ਕੀਤਾ?

ਦੀਨਾ ਭਾਨਾ- ਮੈਂ ਵੀ ਬਾਹਰ ਆ ਗਿਆ। ਜਦੋਂ ਮੈਂ ਬਾਹਰ ਆ ਗਿਆ ਤਾਂ ਸਾਰੇ ਕਰਮਚਾਰੀ ਕਹਿਣ ਲੱਗੇ ਕਿ ਤੂੰ ਅੱਜ ਉੱਚੀ ਉੱਚੀ ਬੋਲ ਰਿਹਾ ਸੀ, ਕੀ ਗੱਲ ਸੀ, ਮੈਂ ਕਿਹਾ ਕਿ ਬ੍ਰਾਹਮਣ ਲੋਕਾਂ ਨੂੰ ਦੂਜਿਆਂ ਦੀਆਂ ਖੁਸ਼ੀਆਂ ਨਾਲ ਕੋਈ ਮਤਲਬ ਨਹੀਂ, ਮੈਂ ਅੱਜ ਬੋਲ ਰਿਹਾ ਸੀ ਤਾਂ ਚਪੜਾਸੀ ਆਇਆ ਤੇ ਮੈਨੂੰ ਕਹਿਣ ਲੱਗਾ ਕਿ ਸ੍ਰੀ ਰਾਮਚੰਦਰ ਸਾਹਿਬ ਨੇ ਤੁਹਾਡੀ ਸ਼ਿਕਾਇਤ ਮੁੱਖ ਨੂੰ ਕਰ ਦਿੱਤੀ ਹੈ। ਉਹਨਾਂ ਨੇ ਕਿਹਾ ਕਿ ਤੁਸੀਂ ਉਹਨਾਂ ਦੀ ਗੱਲ ਨਹੀਂ ਸੁਣਦੇ। ਇਸ ਤਰ੍ਹਾਂ ਦੀ ਗੱਲਬਾਤ ਹੋ ਰਹੀ ਸੀ ਕਿ ਉਸ ਸਮੇਂ ਕਾਂਸ਼ੀ ਰਾਮ ਸਾਹਿਬ ਅਤੇ ਉਹਨਾਂ ਦੇ ਸਹਿਯੋਗੀ ਜੋਸ਼ੀ ਉਥੇ ਕਿਸੇ ਕੰਮ ਲਈ ਆ ਗਏ। ਜੋਸ਼ੀ ਸਾਹਿਬ ਕਾਂਸ਼ੀ ਰਾਮ ਜੀ ਨੂੰ ਕਹਿਣ ਲੱਗੇ, ਸਾਹਿਬ ਇਹ ਦੀਨਾ ਭਾਨਾ ਕਰਮਚਾਰੀਆਂ ਦੇ ਲਈ ਬਹੁਤ ਲੜਦਾ ਹੈ, ਲੇਕਿਨ ਕਰਮਚਾਰੀ ਲੋਕ ਇਸ ਦੀ ਗੱਲ ਨਹੀਂ ਮੰਨਦੇ। ਇਸ ਲਈ ਕਾਂਸ਼ੀ ਰਾਮ ਨੇ ਕਿਹਾ, ਅਸੀਂ ਕੀ ਕਰ ਸਕਦੇ ਹਾਂ, ਕਿਤੇ ਦੀਨਾ ਭਾਨਾ ਵਿਕ ਨਾ ਜਾਵੇ।

ਸਵਾਲ: ਇਸ ਗੱਲ ਤੇ ਕਾਂਸ਼ੀ ਰਮਾ ਜੀ ਨੂੰ ਕੀ ਕਿਹਾ?

ਦੀਨਾ ਭਾਨਾ- ਮੈਂ ਕਿਹਾ ਸਾਹਿਬ ਤੁਸੀਂ ਪੜ੍ਹੇ ਲਿਖੇ ਹੋ, ਆਪ ਨੂੰ ਇਸ ਤਰ੍ਹਾਂ ਗੱਲ ਨਹੀਂ ਕਰਨੀ ਚਾਹੀਦੀ। ਮੈਂ ਤਾਂ ਅਨਪੜ੍ਹ ਹਾਂ। ਤੁਸੀਂ ਤਾਂ ਪੜ੍ਹ ਲਿਖ ਕੇ ਵੀ ਬਹੁਤ ਪਿੱਛੇ ਹੋ। ਮੈਂ ਗੁੱਸੇ ਵਿਚ ਸੀ, ਮੈਂ ਅੱਗੇ ਕਿਹਾ ਤੁਹਾਡੇ ਵਰਗੇ ਪੜ੍ਹੇ ਲਿਖੇ ਲੋਕ ਜੇਕਰ ਸਾਡਾ ਸਾਥ ਦੇਣ ਤਾਂ ਸਾਡਾ ਹੌਸਲਾ ਵਧੇਗਾ। ਪਰ ਤੁਸੀਂ ਤਾਂ ਮੇਰਾ ਹੌਸਲਾ ਵਧਾਉਣ ਦੀ ਬਜਾਏ ਡੇਗਿਆ ਹੈ। ਤੁਸੀਂ ਪੜ੍ਹੇ ਲਿਖੇ ਹੋਣ ਦਾ ਕੀ ਫਾਇਦਾ।

ਸਵਾਲ: ਕਾਂਸ਼ੀ ਰਾਮ ਇਸ ਪਰ ਕੀ ਬੋਲੇ?

ਦੀਨਾ ਭਾਨਾ- ਕਾਂਸ਼ੀ ਰਾਮ ਸਾਹਿਬ ਕਹਿਣ ਲੱਗੇ, ਕੀ ਹੌਸਲਾ ਵਧੇਗਾ? ਕੁਝ ਦਿਨ ਲੜੇਗਾ ਤੇ ਬਾਅਦ ਵਿਚ ਜਿਹਨਾਂ ਦੇ ਖਿਲਾਫ ਲੜ ਰਿਹਾ ਏਂ, ਉਹਨਾਂ ਦੇ ਪੈਰਾਂ ਵਿਚ ਗਿਰ ਜਾਵੇਂਗਾ। ਉਹਨਾਂ ਦੀ ਗੱਲ ਨੂੰ ਕੱਟਦਿਆਂ ਜੋਸ਼ੀ ਨੇ ਕਿਹਾ ਕਿ 'ਨਹੀਂ ਸਾਹਿਬ ਦੀਨਾ ਭਾਨਾ ਐਸਾ ਇਨਸਾਨ ਨਹੀਂ ਹੈ, ਜਦੋਂ ਇਹ ਵਰਕਰ ਕਮੇਟੀ ਨੇ ਚੁਣ ਲਿਆ ਉਦੋਂ ਤੋਂ ਇਹ ਕਰਮਚਾਰੀਆਂ ਲਈ ਲੜ ਰਿਹਾ ਹੈ। ਤਾਂ ਕਾਂਸ਼ੀ ਰਾਮ ਸਾਹਿਬ ਨੇ ਕਿਹਾ ਕਿ, ਅਸੀਂ ਫਿਰ ਕੀ ਕਰ ਸਕਦੇ ਹਾਂ। ਇਸ ਤੇ ਜੋਸ਼ੀ ਨੇ ਕਿਹਾ ਕਿ ਸਾਨੂੰ ਇਸਦੀ ਮਦਦ ਕਰਨੀ ਚਾਹੀਦੀ ਹੈ। ਉਸ ਪਰ ਮੈਂ ਕਿਹਾ ਕਿ ਮੈਨੂੰ ਚੀਫ ਇੰਸਪੈਕਟਰ ਨੇ ਬੁਲਾਇਆ ਹੈ, ਮੈਂ ਜਾ ਰਿਹਾ ਹਾਂ। ਇਹ ਬੋਲ ਕੇ ਮੈਂ ਚਲਾ ਗਿਆ।

ਸਵਾਲ: ਚੀਫ ਇੰਸਪੈਕਟਰ ਕੋਲ ਜਾਣ ਤੋਂ ਬਾਅਦ ਫਿਰ ਕੀ ਹੋਇਆ?

ਦੀਨਾ ਭਾਨਾ- ਚੀਫ ਇੰਸਪੈਕਟਰ ਨੇ ਮੇਰੇ ਨਾਲ ਅਪਮਾਨਜਨਕ ਗੱਲਾਂ ਕੀਤੀਆਂ। ਮੈਨੂੰ ਡਿਸਮਿਸ ਕਰਨ ਦੀ ਧਮਕੀ ਦਿੱਤੀ, ਕਿਉਂਕਿ ਉਹ ਵੀ ਆਂਧਰਾ ਪ੍ਰਦੇਸ਼ ਦਾ ਬ੍ਰਾਹਮਣ ਸੀ। ਉਸਦਾ ਨਾਮ ਐਸ. ਵਰਦਾਚਾਰੀ ਸੀ। ਉਸਨੇ ਮੈਨੂੰ ਵਰਕਰ ਕਮੇਟੀ ਵਿਚੋਂ ਕੱਢ ਦਿੱਤਾ।

ਸਵਾਲ: ਜਦੋਂ ਤੁਹਾਨੂੰ ਵਰਕਰ ਕਮੇਟੀ ਵਿਚੋਂ ਕੱਢ ਦਿੱਤਾ ਤਾਂ ਫਿਰ ਤੁਸੀਂ ਕੀ ਕੀਤਾ?

ਦੀਨਾ ਭਾਨਾ- ਜਦੋਂ ਮੈਂ ਚੀਫ ਇੰਸਪੈਕਟਰ ਦੇ ਕੈਬਨ ਵਿਚੋਂ ਬਾਹਰ ਆਇਆ ਤਾਂ ਕਾਂਸ਼ੀ ਰਾਮ ਸਾਹਿਬ ਬੋਲਣ ਲੱਗੇ। ਦੀਨਾ ਭਾਨਾ ਤੂੰ ਅੱਜ ਬੜੇ ਜ਼ੋਰ ਜ਼ੋਰ ਨਾਲ ਬੋਲ ਰਿਹਾ ਸੀ, ਡਰਿਆ ਨਹੀਂ। ਮੈਂ ਕਿਹਾ ਕਿਉਂ ਡਰਾਂ, ਕੀ ਉਹ ਸ਼ੇਰ ਹੈ ਜੋ ਖਾ ਲਵੇਗਾ। ਜੋਸ਼ੀ ਨੇ ਕਿਹਾ ਚਲੋ ਆਪਾਂ ਚਾਹ ਪੀਂਦੇ ਹਾਂ। ਮੈਂ ਚਾਹ ਪੀਂਦੇ ਪੀਂਦੇ ਕਿਹ, ਕੀ ਮੈਂ ਚੁਣਿਆ ਪ੍ਰਤੀਨਿਧੀ ਹਾਂ। ਮੈਨੂੰ ਇਸ ਤਰ੍ਹਾਂ ਕੱਢਿਆ ਨਹੀਂ ਜਾ ਸਕਦਾ। ਇਸ ਤੇ ਕਾਂਸ਼ੀ ਰਾਮ ਜੀ ਨੇ ਕਿਹਾ ਕਿ ਤੂੰ ਕੋਰਟ ਜਾਵੇਂਗਾ, ਮੈਂ ਕਿਹਾ ਜ਼ਰੂਰ ਜਾਵਾਂਗਾ।

ਸਵਾਲ: ਤੁਹਾਡੇ ਕਹਿਣ ਤੇ ਕਾਂਸ਼ੀ ਰਾਮ ਨੇ ਕੀ ਕਿਹਾ?

ਦੀਨਾ ਭਾਨਾ- ਕਾਂਸ਼ੀ ਰਾਮ ਸਾਹਿਬ ਕਹਿਣ ਲੱਗੇ ਕਿ ਜੇਕਰ ਇਹ ਗੱਲ ਹੈ ਤਾਂ ਮੈਂ ਤੁਹਾਡੇ ਨਾਲ ਜਾਵਾਂਗਾ। ਇਸ ਤੇ ਜੋਸ਼ੀ ਨੇ ਕਿਹਾ ਕਿ ਮੇਰਾ ਦੋਸਤ ਵਕੀਲ ਹੈ ਉਸ ਕੋਲ ਚੱਲਾਂਗੇ। ਕਾਂਸ਼ੀ ਰਾਮ ਜੀ ਬੋਲੇ, ਉਸਨੂੰ ਕਿੰਨਾ ਪੈਸਾ ਦੇਣਾ ਪਵੇਗਾ। ਜੋਸ਼ੀ ਨੇ ਕਿਹਾ ਕਿ ਉਸਨੂੰ ਦਸ ਦਸ ਰੁਪਏ ਹਰ ਮਹੀਨੇ ਦਿੰਦੇ ਰਹਿਣਾ। ਇਸ ਗੱਲ ਤੇ ਮੈਂ ਤੇ ਕਾਂਸ਼ੀ ਰਾਮ ਜ਼ੋਰ ਜ਼ੋਰ ਨਾਲ ਹੱਸਣ ਲੱਗੇ। ਅਸੀਂ ਵਕੀਲ ਦੇ ਕੋਲ ਪਹੁੰਚੇ, ਵਕੀਲ ਨੇ ਕੇਸ ਦੇਖਿਆ, ਵਕੀਲ ਨੇ ਕਿਹਾ, ਕੇਸ ਬਹੁਤ ਮਜ਼ਬੂਤ ਹੈ, ਮੈਂ ਜਿੱਤ ਜਾਵਾਂਗਾ, ਮੈਂ ਵਕੀਲ ਦੀ ਫੀਸ ਪੁੱਛੀ, ਵਕੀਲ ਨੇ ਕਿਹਾ ਇਕ ਹਜ਼ਾਰ ਰੁਪਏ। ਇਸ ਪਰ ਕਿਹਾ ਕਿ ਮੈਂ ਤਾਂ ਪੈਸੇ ਲਿਆਇਆ ਨਹੀਂ। ਕਾਂਸ਼ੀ ਰਾਮ ਸਾਹਿਬ ਨੇ ਆਪਣਾ ਪਰਸ ਖੋਲ੍ਹ ਕੇ ਪੰਜ ਸੌ ਰੁਪਏ ਵਕੀਲ ਨੂੰ ਦੇ ਦਿੱਤੇ।

ਸਵਾਲ: ਤੁਸੀਂ ਕਾਂਸ਼ੀ ਰਮਾ ਜੀ ਨੂੰ ਪੈਸੇ ਦੇਣ ਤੋਂ ਮਨ੍ਹਾ ਨਹੀਂ ਕੀਤਾ?

ਦੀਨਾ ਭਾਨਾ- ਮੈਂ ਕਿਹਾ ਸੀ ਸਾਹਿਬ ਤੁਸੀਂ ਰਹਿਣ ਦਿਓ। ਤਾਂ ਕਾਂਸ਼ੀ ਰਾਮ ਸਾਹਿਬ ਨੇ ਕਿਹਾ ਦੀਨਾ ਭਾਨਾ ਲੜਾਈ ਤੇਰੀ ਕੱਲੇ ਦੀ ਨਹੀਂ। ਇਹ ਸਾਡੀ ਸਾਂਝੀ ਲੜਾਈ ਹੈ।

*(ਮਨੁੱਖਤਾ ਦੇ ਨਾਇਕ- ਬਾਬਾ ਸਾਹਿਬ)*


# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ



ਡਾ. ਭੀਮਰਾਓ ਰਾਮਜੀ ਅੰਬੇਦਕਰ

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ, (C V) ਫਰਿਜ਼ਨੋ, ਕੈਲੀਫੋਰਨੀਆ ਵਿਖੇ 27 ਅਪ੍ਰੈਲ ਨੂੰ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ ਜਨਮ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਇਸ ਸ਼ੁਭ ਮੌਕੇ ਹਾਜ਼ਰੀ ਲਗਵਾ ਕੇ ਡਾ. ਅੰਬੇਦਕਰ ਜੀ ਦੇ ਜੀਵਨ, ਸਿੱਖਿਆਵਾਂ ਅਤੇ ਉਹਨਾਂ ਦੇ ਯੋਗਦਾਨ ਬਾਰੇ ਵਿਚਾਰ ਕਰਨ ਲਈ ਇਕੱਠੇ ਹੋਵੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰੂ ਘਰ (559) 486-3091 | ਮਲਕੀਤ ਬੰਗੜ (559) 355-4780

ਕਰਮ ਬੰਗੜ (559) 381-2932

Shri Guru Ravidass Temple (CV) Fresno California 93706


# ਸੰਵਿਧਾਨ ਨਿਰਮਾਤਾ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦਾ 123 ਵਾ ਜਨਮ ਦਿਵਸ ਰਾਹੁਲ ਬੁੱਧ ਵਿਹਾਰ ਸੋਫੀ ਪਿੰਡ ਵਲੋਂ ਮਨਾਇਆ ਗਿਆ

ਜਲੰਧਰ- ਰਾਹੁਲ ਬੁੱਧ ਵਿਹਾਰ ਸੋਫੀ ਪਿੰਡ ਦੀ ਪ੍ਰਬੰਧਕ ਕਮੇਟੀ ਅਤੇ ਸੋਫੀ ਪਿੰਡ ਦੇ ਨਿਵਾਸੀਆ ਵਲੋਂ ਦਲਿਤੋ ਅਤੇ ਪਿਛੜੋਂ ਕੇ ਮਸੀਹਾ, ਭਾਰਤੀ ਨਾਰੀ ਦੇ ਮੁਕਤੀਦਾਤ, ਬਾਬਾ ਸਾਹਿਬ ਜੀ ਦਾ ਜਨਮ ਦਿਵਸ ਰਾਹੁਲ ਬੁੱਧ ਵਿਹਾਰ ਸੋਫੀ ਪਿੰਡ ਵਲੋ ਮਨਾਇਆ ਗਿਆ।ਇਹ ਪ੍ਰੋਗਰਾਮ ਰਾਹੁਲ ਬੁੱਧ ਵਿਹਾਰ ਦੇ ਪ੍ਰਧਾਨ ਸ੍ਰੀ ਧਰਮ ਪਾਲ ਲੀਲ ਦੀ ਪ੍ਰਧਾਨਗੀ ਹੇਠ ਅਤੇ ਭੰਤੇ ਸੱਤਿਆ ਸ਼ੀਲ ਜੀ ਦੀ ਰਹਿਨੁਮਾਈ ਅਧੀਨ ਹੋਇਆ। ਭੰਤੇ ਸ੍ਰੀ ਸਤਿਆ ਸੀਲ ਨੇ ਸਮਾਗਮ ਦੀ ਸ਼ੁਰੂਆਤ ਪੰਚਸੀਲ ਨਾਲ ਕੀਤੀ । ਭੰਤੇ ਜੀ ਨੇ ਸ਼ਾਮਲ ਹੋਏ ਸਾਰਿਆ ਨੂੰ ਬਾਬਾ ਸਾਹਿਬ ਜੀ ਦੇ 123 ਵੇ ਜਨਮ ਦਿਨ ਦੀਆ ਵਧਾਈਆਂ ਦਿੱਤੀਆ ਅਤੇ ਬਾਬਾ ਸਾਹਿਬ ਦੇ ਜੀਵਨ ਤੇ ਚਾਨਣਾ ਪਾਇਆ ।ਵੱਖ-ਵੱਖ ਬੁਲਾਰਿਆ ਨੇ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦੀ ਜੈਅੰਤੀ ਤੇ ਸਾਰੇ ਨਗਰ ਨਿਵਾਸੀਆ ਵਧਾਈਆ ਦਿੱਤੀਆ ਅਤੇ ਉਹਨਾ ਦੇ ਜੀਵਨ ਅਤੇ ਬਾਬਾ ਸਾਹਿਬ ਦੁਆਰਾ ਦਲਿਤ ਸਮਾਜ ਪ੍ਰਤੀ ਕੀਤੇ ਕੰਮਾ ਦੀ ਪਰਸੰਸਾ ਕੀਤੀ। ਪ੍ਰਧਾਨ ਧਰਮ ਪਾਲ ਲੀਲ ਨੇ ਸਾਰਿਆ ਨੂੰ ਬਾਬਾ ਸਾਹਿਬ ਦੇ ਜਨਮ ਦੀਆ ਵਧਾਈਆ ਦਿੱਤੀਆ ਅਤ ਦੱਸਿਆ ਕਿ ਸ਼੍ਰੀ ਰਤਨ ਲਾਲ ਸਾਪਲਾ, ਫਾਊਡਰ ਚੇਅਰਮੈਨ ਰਾਹੁਲ ਬੁਧ ਵਿਹਾਰ ਪ੍ਰਬੰਧਕ ਕਮੇਟੀ ਸੋਫੀ ਪਿੰਡ ਦਾ ਅੰਤਰਰਾਸਟਰੀ ਪੱਧਰ ਦੇ ਅੰਬੇਡਕਰੀਆ ਦੇ ਬਰਾਬਰ ਦੀ ਸੋਚ ਵਾਲੇ ਦੱਸਿਆ। ਉਹ ਬਾਹਰ ਇਗਲੈਡ ਬੈਠੇ ਹੋਏ ਵੀ ਸਦਾ ਆਪਣੇ ਜੱਦੀ ਪਿੰਡ ਸੋਫੀ ਪਿੰਡ ਵਿੱਚ ਮਨੁੱਖਤਾ ਦੇ ਭਲੇ ਵਾਸਤੇ ਸਮੇਂ ਸਮੇਂ ਤੇ ਆਪਣਾ ਯੋਗਦਾਨ ਪਾਉਦੇ ਰਹਿਦੇ ਹਨ। ਅੰਤ



ਵਿੱਚ ਆਪਣੇ ਭਾਸ਼ਣ ਵਿੱਚ ਉਹਨਾ ਨੇ ਆਏ ਸਾਰੇ ਹੀ ਮਹਿਮਾਨਾ ਦਾ ਧੰਨਵਾਦ ਕੀਤਾ। ਵਿਸੇਸ ਤੌਰ ਤੇ ਪੁਹਚੇ ਸ੍ਰੀ ਰੇਸ਼ਮ ਲਾਲ ਸਾਬਕਾ ਸਰਪੰਚ, ਸ੍ਰੀ ਸਿਗਾਰਾ ਰਾਮ ਸਾਬਕਾ ਸਰਪੰਚ, ਅਰੁਣ ਸਾਪਲਾ ਜਨਰਲ ਸੈਕਟਰੀ, ਰੌਸਨ ਲਾਲ ਸਾਪਲਾ ਕੈਸ਼ੀਅਰ, ਅਮਰਜੀਤ ਸਾਪਲਾ, ਅਜੀਤ ਕੁਮਾਰ, ਰਤਨ ਲਾਲ ਸਟੇਜ ਸੈਕਟਰੀ ਰਾਹੁਲ ਬੁਧ ਵਿਹਾਰ ਮੈਬਰ ਪੰਚਾਇਤ, ਤਰਲੋਕ ਸਾਪਲਾ , ਸ੍ਰੀ ਅਮਿਤ ਸਾਪਲਾ, ਸੁਰਿੰਦਰ ਕੁਮਾਰ ਮੈਬਰ ਪੰਚਾਇਤ, ਜਸਵਿੰਦਰ ਕੰਮਪਿਊਟਰ ਟੀਚਰ, ਸੋਮ ਨਾਥ, ਪਰਸ ਰਾਮ ਆਦਿ

# ਰਾਜਨੀਤਿਕ ਸ਼ਕਤੀ ਪ੍ਰਾਪਤ ਕਰੋ

## ਡਾ.ਭੀਮ ਰਾਓ ਅੰਬੇਦਕਰ ਜੀ ਵੱਲੋਂ 27 ਅਕਤੂਬਰ 1950 ਨੂੰ ਬੂਟਾ ਮੰਡੀ (ਜਲੰਧਰ) ਵਿਖੇ ਦਿੱਤਾ ਗਿਆ ਭਾਸ਼ਣ

ਸਭ ਤੋਂ ਪਹਿਲਾਂ ਮੈਂ ਇਸ ਚੀਜ਼ ਲਈ ਖਿਮਾ ਚਾਹੁੰਦਾ ਹਾਂ ਕਿ ਮੈਂ ਬਹੁਤ ਵਾਰ ਆਉਣ ਦਾ ਪ੍ਰੋਗਰਾਮ ਐਲਾਨ ਕਰਨ ਦੇ ਬਾਵਜੂਦ ਸਿਹਤ ਠੀਕ ਨਾ ਹੋਣ ਕਾਰਨ ਅਤੇ ਮੰਤਰੀ ਦੇ ਰੂਪ ਵਿਚ ਕੰਮ ਦੀ ਬਹੁਤਾਤ ਕਰਕੇ ਇਸ ਤੋਂ ਪਹਿਲਾਂ ਆਪ ਦੇ ਵਿਚਕਾਰ ਨਾ ਆ ਸਕਿਆ।ਮੈਨੂੰ ਪਤਾ ਲੱਗਾ ਕਿ ਮੇਰਾ ਭਾਸ਼ਣ ਸੁਣਨ ਲਈ ਤੁਸੀਂ ਇਸ ਤੋਂ ਪਹਿਲਾਂ ਵੀ ਇੱਥੇ ਕਈ ਵਾਰ ਇਕੱਠੇ ਹੋਏ ਸੀ, ਪਰ ਤੁਹਾਨੂੰ ਨਿਰਾਸ਼ ਹੋ ਕੇ ਮੁੜਨਾ ਪਿਆ। ਇਸ ਲਈ ਭੈਣੋ ਤੇ ਭਰਾਵੋ, ਤੁਹਾਨੂੰ ਜੋ ਪ੍ਰੇਸ਼ਾਨੀ ਅਤੇ ਨਿਰਾਸ਼ਾ ਹੋਈ, ਉਸ ਕਰਕੇ ਮੈਂ ਤੁਹਾਤੋਂ ਸਭ ਤੋਂ ਪਹਿਲਾਂ ਖਿਮਾ ਮੰਗਦਾ ਹਾਂ।

ਤੁਹਾਨੂੰ ਪਤਾ ਹੀ ਹੈ ਕਿ ਪਿਛਲੇ ਚਾਰ ਸਾਲਾਂ ਤੋਂ ਮੈਂ ਕੇਂਦਰੀ ਸਰਕਾਰ ਦਾ ਮੰਤਰੀ ਰਿਹਾ ਹਾਂ ਅਤੇ ਮੈਨੂੰ ਇਨ੍ਹਾਂ ਕੰਮਾਂ ਦਾ ਭਾਰ ਸਹਾਰਨਾ ਪਿਆ ਹੈ ਜੋ ਨਾ ਤਾਂ ਕਿਸੇ ਕਾਨੂੰਨ ਮੈਂਬਰ ਨੇ ਕਦੇ ਭੂਤਕਾਲ 'ਚ ਸਹਾਰਿਆ ਅਤੇ ਨਾ ਹੀ ਕਦੇ ਭਵਿੱਖ ਸਹਾਰੇਗਾ। ਮੇਰੇਨਾ ਆਉਣ ਦਾ ਇਕ ਕਾਰਨ ਇਹ ਹੈ, ਦੂਜਾ ਮੇਰੀ ਸਿਹਤ ਠੀਕ ਨਹੀਂ ਸੀ। ਹੁਣ ਵੀ ਇਹ ਪੂਰੀ ਤਰ੍ਹਾਂ ਠੀਕ ਨਹੀਂ, ਇਸ ਕਰਕੇ ਵੀ ਮੈਂ ਨਾ ਆ ਸਕਿਆ। ਤੀਜੀ ਤੇ ਅੰਤਿਮ ਗੱਲ ਇਹ ਹੈ ਕਿ ਦੇਸ਼ ਦੇ ਹਰ ਹਿੱਸੇ ਵਿਚ ਅਛੂਤ ਹਨ। ਜੇ ਮੈਂ ਹਰ ਤਹਿਸੀਲ, ਜ਼ਿਲ੍ਹੇ ਤੇ ਪ੍ਰਾਂਤ ਵਿਚ ਜਾਵਾਂ ਤਾਂ ਇਹ ਟੂਰ ਘੱਟੋ-ਘੱਟ ਚਾਰ ਜਾਂ ਪੰਜ ਸਾਲਾਂ ਵਿਚ ਵੀ ਮਸੀਂ ਮੁੱਕੇਗਾ। ਤੁਸੀਂ ਜੋ ਮੈਨੂੰ ਗਾਹੇ ਵਗਾਹੇ ਆਉਣ ਲਈ ਅਤੇ ਤੁਹਾਡੇ ਨਾਲ ਦਿਲੀ ਗੱਲਾਂ ਕਰਨ ਲਈ ਪਾਇਆ ਹੈ, ਉਸ ਪਿੱਛੇ ਮੇਰੇ ਪ੍ਰਤੀ ਕੰਮ ਕਰ ਰਹੇ ਆਪਣੇ ਪਿਆਰ ਨੂੰ ਮੈਂ ਪੂਰੀ ਤਰ੍ਹਾਂ ਸਮਝਦਾ ਹਾਂ। ਪਰ ਇਹ ਕੰਮ ਸੁਖਾਲਾ ਤੇ ਸੰਭਵ ਨਹੀਂ, ਮੈਂ ਤੁਹਾਡੇ 'ਚੋਂ ਹਰ ਵਿਅਕਤੀ ਨੂੰ ਸਵੈ-ਨਿਰਭਰ ਆਪਣੇ ਪੈਰਾਂ ਤੇ ਖੜ੍ਹਾ ਸਵੈਤੰਤਰ ਸਮਾਜੀ ਜੀਵਨ ਜਿਉਂਦਾ ਦੇਖਣਾ ਚਾਹੁੰਦਾ ਹਾਂ।

ਮੈਂ ਪੂਰੇ 55 ਸਾਲਾਂ ਦਾ ਹੋ ਚੁੱਕਾ ਹਾਂ। ਜੇ ਮੈਂ ਸਰਕਾਰੀ ਨੌਕਰੀ 'ਚ ਹੁੰਦਾ ਮੈਨੂੰ ਰਿਟਾਇਰ ਕਰ ਦਿੱਤਾ ਗਿਆ ਸੀ, ਪਰ ਇਹ ਨਿਯਮ ਸਿਆਸੀ ਲੋਕਾਂ ਤੇ ਲਾਗੂ ਨਹੀਂ ਹੁੰਦਾ। ਮੈਂ ਚਾਹੁੰਦਾ ਹਾਂ ਕਿ ਇਹ ਉਹਨਾਂ ਤੇ ਵੀ ਲਾਗੂ ਹੋਵੇ। ਅੱਜ ਅਸੀਂ ਦੇਖਦੇ ਹਾਂ ਕਿ 55 ਸਾਲ ਤੋਂ ਉਪਰਲੀ ਉਮਰ ਦੇ ਲੋਕ, ਜਿਹਨਾਂ ਕੋਲ ਆਪਣੀ ਰੋਜ਼ੀ ਰੋਟੀ ਕਮਾਉਣ ਦਾ ਕੋਈ ਹੋਰ ਸਾਧਨ ਨਹੀਂ ਹੁੰਦਾ ਤੇ ਜਿਹਨਾਂ ਕੋਲ ਅਕਲ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ, ਉਹ ਸਿਆਸਤ ਵਿਚ ਭਾਗ ਲੈਣਾ ਸ਼ੁਰੂ ਕਰ ਦਿੰਦੇ ਹਨ ਤੇ ਇਵੇਂ ਗੁਜ਼ਾਰਾ ਚਲਾਉਂਦੇ ਹਨ।

ਮੈਂ ਸਿਆਸਤ ਵਿਚ ਕਿਉਂ ਹਾਂ? ਇਸ ਦਾ ਕਾਰਨ ਅੱਜ ਤੋਂ 30 ਸਾਲ ਪਹਿਲਾਂ ਦੇ ਉਹ ਹਾਲਾਤ ਸਨ, ਜਿਹਨਾਂ ਤੋਂ ਮਜਬੂਰ ਹੋ ਕੇ ਮੈਨੂੰ ਸਿਆਸਤ ਦੇ ਅਖਾੜੇ ਵਿਚ ਆਉਣਾ ਪਿਆ। ਭਾਰਤ ਵਿਚ ਅਜਿਹਾ ਕੋਈ ਆਦਮੀ ਨਹੀਂ ਜੋ ਇਤਨੇ ਲੰਮੇ ਅਰਸੇ ਤੋਂ ਲਗਾਤਾਰ ਸਿਆਸਤ 'ਚ ਰਿਹਾ ਹੋਵੇ। 30 ਸਾਲਾਂ ਵਿਚੋਂ ਮੈਂ 8 ਸਾਲ ਕੇਂਦਰੀ ਸਰਕਾਰ ਦੇ ਮੈਂਬਰ ਦੇ ਤੌਰ ਤੇ ਬਿਤਾਏ। ਇਸ ਖੇਤਰ ਵਿਚ ਵੀ ਮੈਥੋਂ ਕੋਈ ਅੱਗੇ ਨਹੀਂ, ਜੇ ਮੈਂ ਚਾਹੁੰਦਾ, ਮੈਂ ਅਜੇ ਤੱਕ ਸਰਕਾਰ ਵਿਚ ਰਹਿ ਸਕਦਾ ਸੀ।

ਪਰ ਬਚਪਨ ਤੋਂ, ਜਦ ਤੋਂ ਮੈਂ ਜ਼ਿੰਦਗੀ ਦਾ ਅਰਥ ਸਮਝਿਆ, ਮੈਂ ਜ਼ਿੰਦਗੀ 'ਚ ਇਕ ਅਸੂਲ ਦਾ ਪਾਲਣ ਕੀਤਾ ਹੈ, ਉਹ ਆਪਣੇ ਅਛੂਤ ਭਰਾਵਾਂ ਦੀ ਸੇਵਾ, ਮੈਂ ਚਾਹੇ ਜਿੱਥੇ ਵੀ ਹੋਵਾਂ ਤੇ ਮੇਰਾ ਜੋ ਚਾਹੇ ਰੁਤਬਾ ਹੋਵੇ, ਹਮੇਸ਼ਾ ਆਪਣੇ ਲੋਕਾਂ ਦੇ ਭਲੇ ਲਈ ਸੋਚਦਾ ਤੇ ਕੰਮ ਕਰਦਾ ਰਿਹਾ ਹਾਂ। ਮੈਂ ਕਿਸੇ ਹੋਰ ਸਮੱਸਿਆ ਵੱਲ ਇੰਨਾ ਧਿਆਨ ਨਹੀਂ ਦਿੱਤਾ। ਮੈਂ ਅਛੂਤਾਂ ਦੇ ਹੱਕਾਂ ਦੀ ਰਾਖੀ ਜ਼ਰੂਰ ਕਰਨੀ ਹੈ, ਪਿੱਛੇ ਮੈਂ ਕਰਦਾ ਰਿਹਾ ਹਾਂ। ਤੇ ਭਵਿੱਖ ਵਿਚ ਕਰਦਾ ਰਹਾਂਗਾ। ਮੈਨੂੰ ਬਹੁਤ ਜ਼ਿਆਦਾ ਤਨਖਾਹ ਵਾਲੀਆਂ ਵੱਡੀਆਂ ਵੱਡੀਆਂ ਨੌਕਰੀਆਂ ਆਫਰ ਕੀਤੀਆਂ ਗਈਆਂ ਪਰ ਮੈਂ ਇਹਨਾਂ ਨੂੰ ਠੁਕਰਾ ਦਿੱਤਾ ਕਿਉਂਕਿ ਮੇਰੇ ਜੀਵਨ ਦਾ ਇਕੋ ਹੀ ਉਦੇਸ਼ ਸੀ ਕਿ ਆਪਣੇ ਲੋਕਾਂ ਦੀ ਸੇਵਾ ਕਰਨੀ ਹੈ।

ਮੈਂ ਵਿਦੇਸ਼ ਵਿਚੋਂ ਅਰਥ ਸ਼ਾਸਤਰ ਦੀ ਡਿਗਰੀ ਲੈ ਕੇ ਆਉਣ ਵਾਲਾ, ਨਾ ਸਿਰਫ ਅਨੁਸੂਚਿਤ ਜਾਤੀਆਂ ਵਿਚੋਂ ਸਾਰੇ ਭਾਰਤੀਆਂ ਵਿਚੋਂ ਪਹਿਲਾ ਵਿਅਕਤੀ ਸੀ। ਮੇਰੇ ਬੰਬਈ ਵਿਚ ਪਹੁੰਚਣ ਤੋਂ ਜਲਦੀ ਬਾਅਦ ਬੰਬਈ ਸਰਕਾਰ ਨੇ ਮੈਨੂੰ ਰਾਜਨੀਤਿਕ ਆਰਥਿਕਤਾ ਦੇ ਪ੍ਰੋਫੈਸਰ ਦੇ ਪਦ ਦੀ ਆਫਰ ਕੀਤੀ। ਜੇ ਮੈਂ ਉਸ ਨੂੰ ਸਵੀਕਾਰ ਕਰ ਲੈਂਦਾ, ਅੱਜ ਮੈਂ ਬਹੁਤ ਜ਼ਿਆਦਾ ਤਨਖਾਹ ਲੈ ਰਿਹਾ ਹੁੰਦਾ, ਪਰ ਮੈਂ ਉਹ ਆਫਰ ਠੁਕਰਾ ਦਿੱਤੀ ਕਿਉਂਕਿ ਮੈਂ ਜਾਣਦਾ ਸੀ ਕਿ ਸਰਕਾਰੀ ਸੇਵਕ ਬਣ ਕੇ ਤੁਸੀਂ ਆਪਣੇ ਲੋਕਾਂ ਦੀ ਬਿਹਤਰੀ ਨਹੀਂ ਕਰ ਸਕਦੇ, ਤੁਹਾਡੇ ਰਾਹ ਵਿਚ ਰੁਕਾਵਟਾਂ ਆ ਜਾਂਦੀਆਂ ਹਨ। ਇਕ ਦੋ ਸਾਲ ਬਾਅਦ ਮੈਂ ਫਿਰ ਇੰਗਲੈਂਡ ਗਿਆ ਕਿਉਂਕਿ ਮੈਂ ਸਿਰਫ ਆਜ਼ਾਦ ਨਹੀਂ ਹੋਣਾ ਚਾਹੁੰਦਾ ਸੀ ਸਗੋਂ ਆਪਣਾ ਗੁਜ਼ਾਰਾ ਵੀ ਚਲਾਉਣਾ ਸੀ। ਆਦਮੀ ਉਦੋਂ ਹੀ ਸਹੀ ਅਰਥਾਂ 'ਚ ਆਜ਼ਾਦ ਹੁੰਦਾ ਹੈ ਜਦੋਂ ਉਸਨੂੰ ਆਪਣਾ ਗੁਜ਼ਾਰਾ ਕਰਨ ਲਈ ਕਿਸੇ ਤੇ ਨਿਰਭਰ ਨਹੀਂ ਰਹਿਣਾ ਪੈਂਦਾ।

ਇੰਗਲੈਂਡ ਤੋਂ ਵਕਾਲਤ ਪਾਸ ਕਰਕੇ ਜਦ ਮੈਂ ਵਾਪਸ ਆਇਆ, ਮੈਨੂੰ ਫਿਰ ਇਕ ਵਾਰ ਆਫਰ ਆਈ। ਇਹ ਆਫਰ ਸੀ- ਜ਼ਿਲ੍ਹਾ ਜੱਜ ਬਣਾਉਣ ਦੀ ਇਸ ਦੇ ਨਾਲ ਇਹ ਵੀ ਭਰੋਸਾ ਦਿੱਤਾ ਗਿਆ ਸੀ ਕਿ ਤਿੰਨ ਸਾਲ ਦੇ ਅੰਦਰ ਮੈਨੂੰ ਹਾਈ ਕੋਰਟ ਦਾ ਜੱਜ ਬਣਾ ਦਿੱਤਾ ਜਾਵੇਗਾ। ਉਸ ਸਮੇਂ ਮੈਨੂੰ 100 ਰੁਪਏ ਪ੍ਰਤੀ ਮਹੀਨੇ ਦੀ ਵੀ ਆਮਦਨ ਨਹੀਂ ਸੀ। ਉਹਨੀਂ ਦਿਨੀਂ ਮੈਂ ਬੰਬਈ ਵਿਚ ਬਹੁਤ ਗਰੀਬਾਂ ਲਈ ਬਣਾਈ ਗਈ ਬਸਤੀ-ਚਵਾਲ ਵਿਚ ਇਕ ਕਮਰੇ ਵਿਚ ਰਹਿ ਰਿਹਾ ਸੀ। ਫਿਰ ਵੀ ਮੈਂ ਨੌਕਰੀ ਨੂੰ ਅਸਵੀਕਾਰ ਕਰ ਦਿੱਤਾ, ਚਾਹੇ ਤਨਖਾਹ ਵੀ ਕਾਫੀ ਸੀ ਤੇ ਇਸ ਨਾਲ ਮੇਰੀ ਜ਼ਿੰਦਗੀ ਬਹੁਤ ਭਲੀ ਪ੍ਰਕਾਰ ਗੁਜ਼ਰ ਸਕਦੀ ਸੀ। ਕਾਰਨ ਇਹੀ ਸੀ ਕਿ ਇਸ ਨਾਲ ਮੇਰੀ ਜ਼ਿੰਦਗੀ ਦੇ ਆਦੇਸ਼ ਨੂੰ ਪੂਰਾ ਕਰਨ ਵਿਚ ਰੁਕਾਵਟ ਆਉਣੀ ਸੀ, ਉਹ ਉਦੇਸ਼ ਸੀ ਆਪਣੇ ਲੋਕਾਂ ਦੀ ਦਸ਼ਾ ਸੁਧਾਰਨਾ ਅਤੇ ਉਹਨਾਂ ਨੂੰ ਉਚਿਆਂ ਉਠਾਉਣਾ।

1942 ਵਿਚ ਫਿਰ ਮੇਰੇ ਸਾਹਮਣੇ ਅਜਿਹੀ ਸਥਿਤੀ ਆਈ। ਮੈਨੂੰ ਹਾਈ ਕੋਰਟ ਦੇ ਜੱਜ ਦੀ ਆਫਰ ਆਈ, ਉਸ ਨਾਲ ਮੈਂ ਆਰਥਿਕ ਤੌਰ ਤੇ ਬਹੁਤ ਅਮੀਰ ਹੋ ਜਾਣਾ ਸੀ ਅਤੇ 10 ਸਾਲਾਂ ਦੀ ਨੌਕਰੀ ਨਾਲ ਸੁਖਭਰੀ ਜ਼ਿੰਦਗੀ ਬਤੀਤ ਕਰ ਸਕਦਾ ਸੀ। ਮੈਨੂੰ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਵਿਚ ਵੀ ਸੀਟ ਦੀ ਆਫਰ ਕੀਤੀ ਗਈ। ਆਪਣੀ ਜ਼ਿੰਦਗੀ ਦੇ ਇਕੋ ਇਕ ਉਦੇਸ਼ ਨੂੰ ਧਿਆਨ ਵਿਚ ਰੱਖਦਿਆਂ ਮੈਂ ਉਕਤ ਸੀਟ ਨੂੰ ਸਵੀਕਾਰ ਕਰ ਲਿਆ। ਬੰਦੇ ਨੂੰ ਆਪਣੇ ਲੋਕਾਂ ਲਈ ਜਿਊਣਾ ਅਤੇ ਉਹਨਾਂ ਦੀ ਸੇਵਾ ਕਰਦਿਆਂ ਹੀ ਮਰਨਾ ਚਾਹੀਦਾ ਹੈ।

ਮੈਂ ਕੇਂਦਰੀ ਸਰਕਾਰ ਵਿਚ 1947 ਵਿਚ ਸ਼ਾਮਲ ਹੋਇਆ। ਮੇਰੇ ਕੁਝ ਵਿਰੋਧੀਆਂ ਨੇ ਮੇਰੇ ਉਤੇ ਇਹ ਦੋਸ਼ ਮੜ੍ਹਿਆ ਕਿ ਮੈਂ ਕਾਂਗਰਸ ਵਿਚ ਸ਼ਾਮਲ ਹੋ ਗਿਆ ਹਾਂ। ਲਖਨਊ ਵਿਚ ਦਿੱਤੇ ਹੋਏ ਭਾਸ਼ਣ ਵਿਚ ਮੈਂ ਆਪਣੇ ਲੋਕਾਂ 'ਚ ਆਲੋਚਨਾ ਦੁਆਰਾ ਲਾਏ ਗਏ ਦੋਸ਼ਾਂ ਦਾ ਜਵਾਬ ਦੇ ਚੁੱਕਾ ਹਾਂ। ਆਪਣੇ ਦੇਸ਼ ਵਾਸੀਆਂ ਨੂੰ ਉਹ ਭਾਸ਼ਣ ਦੱਸਿਆ ਸੀ ਕਿ ਮੈਂ ਮਿੱਟੀ ਦਾ ਢੇਲਾ ਨਹੀਂ ਸੀ ਜੋ ਪਾਣੀ ਨਾਲ ਖੁਰ ਕੇ ਰੁੜ੍ਹ ਜਾਂਦਾ ਹੈ। ਮੈਂ ਇਕ ਚਟਾਨ ਵਾਂਗ ਹਾਂ ਜੋ ਪਿਘਲ ਨਹੀਂ ਸਕਦੀ। ਪਰ ਜੋ ਦਰਿਆਵਾਂ ਦਾ ਰਾਹ ਬਦਲ ਦਿੰਦੀ ਹੈ। ਮੈਂ ਚਾਹੇ ਜਿੱਥੇ ਵੀ ਹੋਵਾਂ, ਮੇਰੇ ਚਾਹੇ ਕੋਈ ਵੀ ਹੋਵੇ, ਮੈਂ ਆਪਣੀ ਅਲੱਗ ਹੋਂਦ ਨੂੰ ਕਦੇ ਨਹੀਂ ਗਵਾਇਆ। ਜੇ ਕੋਈ ਮੇਰੇ ਕੋਲੋਂ ਕਿਸੇ ਚੰਗੇ ਕੰਮ ਵਾਸਤੇ ਸਹਿਯੋਗ ਮੰਗੇ ਮੈਂ ਖੁਸ਼ ਹੋ ਕੇ ਉਸਦਾ ਸਹਿਯੋਗ ਦੇਵਾਂਗਾ। ਮੈਂ 4 ਸਾਲ ਆਪਣੀ ਪੂਰੀ ਸ਼ਕਤੀ ਨਾਲ ਕਾਂਗਰਸ ਸਰਕਾਰ ਨੂੰ ਸਹਿਯੋਗ ਦਿੱਤਾ ਅਤੇ ਮਾਤ ਭੂਮੀ ਦੀ ਸੇਵਾ ਪੂਰੀ ਇਮਾਨਦਾਰੀ ਨਾਲ ਕੀਤੀ, ਪਰ ਇਹਨਾਂ ਸਾਲਾਂ ਵਿਚ ਮੈਂ ਕਾਂਗਰਸ ਵਿਚ ਸ਼ਾਮਲ ਨਹੀਂ ਹੋਇਆ। ਮੈਂ ਉਹਨਾਂ ਲੋਕਾਂ ਦੀ ਖੁਸ਼ੀ ਨਾਲ ਮਦਦ ਕਰਾਂਗਾ, ਉਹਨਾਂ ਨੂੰ ਪੂਰਾ ਸਹਿਯੋਗ ਦੇਵਾਂਗਾ ਜੋ ਕਥਨੀ ਤੇ ਕਰਨੀ ਵਿਚ ਇਮਾਨਦਾਰ ਹਨ ਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੇ ਹਿੱਤਾਂ ਲਈ ਸਮਰਥਨ ਕਰਦੇ ਹਨ। ਮੈਂ ਉਹਨਾਂ ਨੂੰ ਕਦੇ ਮਦਦ ਨਹੀਂ ਦੇਵਾਂਗਾ ਜੋ ਮੂੰਹ ਦੇ ਮਿੱਠੇ, ਉਪਰੋਂ ਚਾਪਲੂਸ ਹਨ। ਜਿਹਨਾਂ ਦੇ ਵਿਚਾਰ ਤੇ ਕਿਰਦਾਰ ਸਾਡੇ ਲੋਕਾਂ ਦੇ ਹਿੱਤਾਂ ਦੇ ਉਲਟ ਜਾਂਦੇ ਹਨ।

ਹੁਣ ਮੈਂ ਹੋਣ ਵਾਲੀਆਂ ਚੋਣਾਂ ਦੀ ਬਾਬਤ ਗੱਲ ਕਰਨੀ ਚਾਹੁੰਦਾ ਹਾਂ, ਮੈਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਚੋਣਾਂ ਨੂੰ ਜ਼ਿੰਦਗੀ ਤੇ ਮੌਤ ਦਾ ਸਵਾਲ ਸਮਝਣ ਤੇ ਇਸ ਭਾਵਨਾ ਨਾਲ ਹੀ ਆਉਣ ਵਾਲੇ ਮਹੀਨਿਆਂ ਵਿਚ ਕੰਮ ਕਰਨ। ਸਾਨੂੰ ਆਪਣੇ ਉਮੀਦਵਾਰ ਜਿਤਾਉਣ ਲਈ ਸਾਰੀ ਸ਼ਕਤੀ ਲਗਾ ਦੇਣੀ ਚਾਹੀਦੀ ਹੈ। ਆਦਮੀ ਨੂੰ ਆਪਣੇ ਨਾਲ ਦੇ ਲੋਕਾਂ ਦੀ ਗਿਣਤੀ ਅਤੇ ਆਪਣੇ ਤੋਂ ਹੀ ਸ਼ਕਤੀ ਪ੍ਰਾਪਤ ਹੁੰਦੀ ਹੈ। ਅਸੀਂ ਘੱਟ ਗਿਣਤੀ 'ਚ ਹਾਂ, ਅਸੀਂ ਅਮੀਰ ਵੀ ਨਹੀਂ, ਸਾਡੀ ਜਨਸੰਖਿਆ ਔਸਤ ਪਿੰਡ ਵਿਚ ਉਥੋਂ ਦੀ ਕੁੱਲ ਵਸੋਂ ਦੇ 5 ਫੀਸਦੀ ਤੋਂ ਜ਼ਿਆਦਾ ਨਹੀਂ ਹੈ। ਅਸੀਂ 95 ਫੀਸਦੀ ਵਸੋਂ ਦੀ ਸਾਂਝੀ ਸ਼ਕਤੀ ਤੇ ਸਾਂਝੇ ਧੰਨ ਦੇ ਮੁਕਾਬਲੇ 'ਚ ਕੁਝ ਵੀ ਨਹੀਂ ਹਾਂ। ਪੁਲਿਸ ਜੋ ਕਿ ਪੱਕੇ ਤੌਰ ਤੇ ਉੱਚ ਜਾਤੀਆਂ ਦੇ ਹਿੰਦੂਆਂ ਨਾਲ ਸਬੰਧਤ ਹੈ, ਸਾਡੀਆਂ ਉਚਿਤ ਸ਼ਿਕਾਇਤਾਂ ਵੱਲ ਧਿਆਨ ਨਹੀਂ ਦਿੰਦੀ। ਇਸ ਦੇ ਉਲਟ ਸਾਨੂੰ ਸ਼ਿਕਾਇਤ ਕਰਨ ਦੇ ਕਾਰਨ ਸਜ਼ਾ ਦਿੱਤੀ ਜਾਂਦੀ ਹੈ, ਸਾਡੀ ਗਰੀਬੀ ਦੇ ਕਾਰਨ, ਅਧਿਕਾਰ ਸਾਡੇ ਪੱਖ 'ਚ ਨਹੀਂ ਹੁੰਦੇ, ਸਾਡੇ ਪ੍ਰਤੀ ਹਮਦਰਦੀ ਨਹੀਂ ਰੱਖਦੇ। ਪਰ ਅਸੀਂ ਇਕ ਸ਼ਕਤੀ ਪ੍ਰਾਪਤ ਕਰ ਸਕਦੇ ਹਾਂ ਤੇ ਉਹ ਹੈ- ਰਾਜਨੀਤਿਕ ਸ਼ਕਤੀ, ਇਹ ਸ਼ਕਤੀ ਸਾਨੂੰ ਜ਼ਰੂਰ ਪ੍ਰਾਪਤ ਕਰਨੀ ਚਾਹੀਦੀ ਹੈ। ਇਸ ਸ਼ਕਤੀ ਨਾਲ ਅਸੀਂ ਆਪਣੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਕਰ ਸਕਦੇ ਹਾਂ।

ਕੀ ਇਸ ਆਜ਼ਾਦ ਦੇਸ਼ ਵਿਚ ਤੁਹਾਨੂੰ ਉਸ ਸ਼ਕਤੀ ਦੇ ਹਾਸਲ ਹੋਣ ਦਾ ਯਕੀਨ ਹੈ? ਅਸੀਂ ਆਪਣੇ ਦੇਸ਼ ਦੇ ਆਜ਼ਾਦ ਹੋਣ ਦੇ ਵਿਰੋਧੀ ਨਹੀਂ ਰਹੇ ਪਰ ਅਸਾਂ ਇਕ ਸਵਾਲ ਦਾ ਸਦਾ ਸਿੱਧਾ ਜਵਾਬ ਚਾਹਿਆ ਹੈ- ਆਜ਼ਾਦ ਭਾਰਤ ਵਿਚ ਸਾਡਾ ਕੀ ਬਣੇਗਾ?

ਮੈਂ ਇਹ ਸਵਾਲ ਗਾਂਧੀ ਜੀ ਤੇ ਦੂਜੇ ਕਾਂਗਰਸੀ ਲੀਡਰਾਂ ਅੱਗੇ ਰੱਖਿਆ। ਅਸੀਂ ਜਾਨਣਾ ਚਾਹਿਆ ਕਿ ਉਹਨਾਂ ਦੇ ਸਵਰਾਜ ਵਿਚ ਸਾਡੀ ਕੀ ਸਥਿਤੀ ਹੋਵੇਗੀ? ਕੀ ਸਾਡੀਆਂ ਸਜ਼ਾਵਾਂ ਖਤਮ ਹੋ ਜਾਣਗੀਆਂ? ਕੀ ਸਾਡੇ ਬੱਚਿਆਂ ਨੂੰ ਸਿੱਖਿਆ ਦੀਆਂ ਸਹੂਲਤਾਂ ਮਿਲਣਗੀਆਂ? ਕੀ ਸਾਡੇ ਲੋਕ ਆਜ਼ਾਦ ਭਾਰਤ ਵਿਚ ਆਜ਼ਾਦ ਸ਼ਹਿਰੀਆਂ ਵਾਂਗ ਰਹਿ ਸਕਣਗੇ? ਕੀ ਗਾਂਧੀ ਸੈਸ਼ਨ ਤੇ ਦਬਾਉ ਸਮਾਪਤ ਹੋਣਗੇ? ਕੀ ਸਾਡੀਆਂ ਔਰਤਾਂ ਦੀਆਂ ਇੱਜਤਾਂ ਸੁਰੱਖਿਅਤ ਹੋਣਗੀਆਂ? ਸਵਾਲਾਂ ਦਾ ਨਾਂ ਗਾਂਧੀ ਜੀ ਨੇ ਤੇ ਨਾ ਕਿਸੇ ਹੋਰ ਲੀਡਰ ਨੇ ਹੀ ਸੰਤੋਖਜਨਕ ਉੱਤਰ ਦਿੱਤਾ।

ਗੋਲਮੇਜ਼ ਕਾਨਫਰੰਸ ਵਿਚ ਮੈਂ ਪਹਿਲੀ ਵਾਰੀ ਇਹ ਸਵਾਲ ਪੁੱਛਿਆ ਤੇ ਭਾਰਤ ਦੇ ਅਛੂਤਾਂ ਲਈ ਮੁਸਲਮਾਨਾਂ, ਸਿੱਖਾਂ, ਇਸਾਈਆਂ ਅਤੇ ਦੂਜੇ ਘੱਟ ਗਿਣਤੀ ਲੋਕਾਂ ਵਾਂਗ ਅਲੱਗ ਚੋਣ ਖੇਤਰਾਂ ਦੀ ਮੰਗ ਕੀਤੀ। ਉਸ ਕਾਨਫਰੰਸ ਵਿਚ ਭਾਰਤ ਦੇ ਦੱਬੇ ਕੁਚਲੇ ਲੋਕਾਂ ਦੀ ਹੱਕੀ ਮੰਗ ਦਾ ਮੇਰੇ ਦੇਸ਼ ਵਾਸੀਆਂ ਨੇ ਪੱਖ ਨਹੀਂ ਪੂਰਿਆ। ਫਿਰ ਵੀ ਮੈਂ ਆਪਣੇ ਲੋਕਾਂ ਲਈ ਸਿਆਸੀ ਹੱਕ ਪ੍ਰਾਪਤ ਕਰਨ ਵਿਚ ਸਫਲ ਹੋ ਗਿਆ, ਉਸ ਪਿੱਛੋਂ ਕੀ ਹੋਇਆ- ਇਸ ਦਾ ਦੇਸ਼ ਦੇ ਹਰ ਵਸਨੀਕ ਨੂੰ ਪਤਾ ਹੈ। ਇੰਨਾ ਕਹਿਣਾ ਹੀ ਕਾਫੀ ਹੈ ਕਿ ਗਾਂਧੀ ਜੀ ਨੇ ਮਰਨ ਵਰਤ ਸ਼ੁਰੂ ਕਰ ਦਿੱਤਾ ਤਾਂ ਕਿ ਸਾਥੋਂ ਉਹ ਸਿਆਸੀ ਹੱਕ ਖੋਹ ਲਿਆ ਜਾਵੇ ਜੋ ਸਾਨੂੰ ਅਜੋਕੇ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਮਿਲਿਆ ਸੀ। ਗਾਂਧੀ ਜੀ ਅਛੂਤਾਂ ਨੂੰ ਸਿਆਸੀ ਹੱਕ ਦੇਣ ਦੇ ਪੱਖ ਵਿਚ ਨਹੀਂ ਸਨ, ਕਿਉਂਕਿ ਉਹਨਾਂ ਨੂੰ ਡਰ ਸੀ ਕਿ ਇਹਨਾਂ ਦੇ ਮਨਾਂ ਵਿਚ ਬਹੁਤ ਵੱਡੀਆਂ ਵੱਡੀਆਂ ਇੱਛਾਵਾਂ ਜਾਗ ਰਹੀਆਂ ਹਨ।

ਉਹ (ਗਾਂਧੀ ਜੀ) ਚਾਹੁੰਦੇ ਸਨ ਕਿ ਅਛੂਤ ਆਪਣੇ ਦਿਆਲੂ ਮਾਲਕਾਂ ਭਾਵ ਸਵਰਨ ਹਿੰਦੂਆਂ ਦੇ ਰਹਿਮ ਤੇ ਹੀ ਰਹਿਣ। ਗਾਂਧੀ ਦੇ ਸ਼ਬਦਾਂ ਅਤੇ ਦੂਜੇ ਹਿੰਦੂ ਲੀਡਰਾਂ ਦੇ ਭਰੋਸਿਆਂ 'ਚ ਵਿਸ਼ਵਾਸ ਕਰਦਿਆਂ ਅਸੀਂ ਉਹਨਾਂ (ਗਾਂਧੀ ਜੀ) ਦੀ ਜਾਨ ਬਚਾਉਣ ਲਈ ਆਪਦੇ ਹੱਕ ਕੁਰਬਾਨ ਕਰ ਦਿੱਤੇ। ਉਸ ਦਾ ਨਤੀਜਾ ਆਪਣੇ ਸਭ ਦੇ ਸਾਹਮਣੇ ਹੈ। ਇਸ ਵਿਸ਼ਵਾਸਘਾਤ ਤੇ ਧੋਖਾਧੜੀ ਦੀ ਇਕ ਅਫਸੋਸਨਾਕ ਕਹਾਣੀ ਹੈ।

ਕਾਂਗਰਸ ਨੇ ਸਹੀ ਤੇ ਗਲਤ ਸਭ ਤਰ੍ਹਾਂ ਦੇ ਹੱਥਕੰਡੇ ਵਰਤਦਿਆਂ ਅਛੂਤਾਂ ਨੂੰ ਉਹਨਾਂ ਦੇ ਹੱਕੀ ਅਧਿਕਾਰਾਂ ਤੋਂ ਸੱਖਣੇ ਦੂਰ ਕਰ ਦਿੱਤਾ। ਉਹ ਲੋਕ ਜਿਹਨਾਂ ਦਾ ਅਛੂਤਾਂ ਵਿਚ ਕੋਈ ਆਧਾਰ ਨਹੀਂ, ਉਹਨਾਂ ਨਾਲ ਕੋਈ ਸਮਾਜੀ ਸਾਂਝ ਨਹੀਂ- ਉਹ ਸਵਰਨ ਹਿੰਦੂਆਂ ਦੀਆਂ ਵੋਟਾਂ ਨਾਲ ਵਿਧਾਨ ਸਭਾਵਾਂ ਲਈ ਚੁਣੇ ਜਾਂਦੇ ਹਨ। ਇਹ ਤਥਾਕਥਿਤ 'ਹਰੀਜਨ'ਕਾਂਗਰਸ ਦੇ ਪਿੱਠੂ ਹਨ।

ਸਾਨੂੰ ਇਹ ਗੱਲ ਮਨ ਵਿਚ ਰੱਖਣੀ ਚਾਹੀਦੀ ਹੈ ਕਿ ਰਿਜ਼ਰਵੇਸ਼ਨਾਂ ਸਿਰਫ 10 ਸਾਲਾਂ ਤੱਕ ਹਨ। ਮੈਂ ਚਾਹੁੰਦਾ ਹਾਂ ਕਿ ਰਿਜ਼ਰਵੇਸ਼ਨਾਂ ਉਦੋਂ ਤੱਕ ਚੱਲਣ, ਜਦੋਂ ਤੱਕ ਛੂਆ-ਛਾਤ ਪੂਰੀ ਤਰ੍ਹਾਂ ਖਤਮ ਨਹੀਂ ਹੋ ਜਾਂਦੀ। ਸਰਦਾਰ ਪਟੇਲ ਨੇ ਇਸ ਸੁਝਾਅ ਦਾ ਪਾਰਲੀਮੈਂਟ ਦੇ ਅੰਦਰ ਤੇ ਬਾਹਰ ਬਹੁਤ ਜ਼ੋਰ ਸ਼ੋਰ ਨਾਲ ਵਿਰੋਧ ਕੀਤਾ। ਸਰਦਾਰ ਪਟੇਲ ਨੂੰ ਤਾਂ ਛੱਡੋ ਸੰਵਿਧਾਨ ਸਭਾ ਵਿਚ ਬੈਠੇ ਅਨੁਸੂਚਿਤ ਜਾਤੀਆਂ ਦੇ ਪ੍ਰਤੀਨਿਧ 30 ਹਰੀਜਨ ਮੈਂਬਰਾਂ ਨੇ ਵੀ ਮੇਰੇ ਸੁਝਾਅ ਦਾ ਸਮਰਥਨ ਨਹੀਂ ਕੀਤਾ। ਕਾਂਗਰਸ ਦੇ ਇਹ ਚਮਚੇ ਸਰਦਾਰ ਪਟੇਲ ਦੀ ਬੋਲੀ ਬੋਲਣ ਤੋਂ ਸਿਵਾ ਹੋਰ ਕੀ ਕਰਦੇ ਹਨ। ਚੋਣ ਲਈ ਟਿਕਟ ਪ੍ਰਾਪਤ ਕਰਨਾ ਹੀ ਉਹਨਾਂ ਦੀ ਜਿੰਦ ਜਾਨ ਸੀ। ਮੌਕਾਪ੍ਰਸਤਾਂ ਅਤੇ ਸੱਤਾ ਹਥਿਆਉਣ ਦੀ ਤਾੜ 'ਚ ਰਹਿਣ ਵਾਲਿਆਂ ਤੋਂ ਹੋਰ ਕੀ.... ਕੀਤਾ ਜਾ ਸਕਦੀ ਹੈ। ਇਹ ਰਿਜ਼ਰਵੇਸ਼ਨ 10 ਸਾਲ ਤੱਕ ਰਹੇਗੀ, ਇਹਨਾਂ 10 ਸਾਲਾਂ ਤੋਂ ਬਾਅਦ ਅਸੀਂ ਕੀ ਕਰਾਂਗੇ, ਜੇ ਸਾਡੀ ਮਜ਼ਬੂਤ ਜਥੇਬੰਦੀ ਨਾ ਹੋਵੇਗੀ ਤਾਂ ਭਾਰਤੀ ਰਾਜਨੀਤੀ ਵਿਚ ਸਾਡੀ ਕੋਈ ਪੁੱਛ ਪ੍ਰਤੀਤ ਨਹੀਂ ਹੋਵੇਗੀ। ਅਛੂਤਾਂ ਦੀ ਜਥੇਬੰਦੀ ਤਾਂ ਹੀ ਮਜ਼ਬੂਤ ਹੋ ਸਕਦੀ ਹੈ ਜੇ ਉਹ ਸਾਰੇ ਇਕੱਠੇ ਹੋਣ, ਜੇ ਉਹਨਾਂ ਦੀਆਂ ਸਾਰੀਆਂ ਉਪ ਜਾਤੀਆਂ ਇਕੱਠੀਆਂ ਹੋਣ। ਸਾਨੂੰ ਇਵੇਂ ਨਹੀਂ ਸੋਚਣਾ ਚਾਹੀਦਾ ਕਿ ਰਿਜ਼ਰਵੇਸ਼ਨ ਖਤਮ ਹੋਣ ਤੇ, ਦਸ ਸਾਲ ਬਾਅਦ ਜਥੇਬੰਦੀ ਬਣਾਵਾਂਗੇ। ਉਹ ਹੁਣੇ ਹੀ ਬਣਾਉਣੀ ਚਾਹੀਦੀ ਹੈ। ਇਹ ਜਥੇਬੰਦੀ ਅੱਜ ਹੀ ਬਣਾਉਣੀ ਚਾਹੀਦੀ ਹੈ, ਅੱਜ ਹੀ ਇਹ ਗੱਲ ਕੱਲ੍ਹ ਤੇ ਨਹੀਂ ਪਾਉਣੀ।

ਜੇ ਸਾਡੀ ਜਥੇਬੰਦੀ ਮਜ਼ਬੂਤ, ਪ੍ਰਭਾਵਸ਼ਾਲੀ ਤੇ ਪੱਕੇ ਪੈਰੀਂ ਨਾ ਹੋਵੇਗੀ ਤਾਂ ਅੱਜ ਤੋਂ ਦਸ ਸਾਲ ਬਾਅਦ ਸਾਨੂੰ ਮਨੂੰ ਸਿਮਰਤੀ ਰਾਜ ਸਹਿਣਾ ਤੇ ਸਵੀਕਾਰਨਾ ਪਵੇਗਾ। ਜਥੇਬੰਦੀ ਅਸਲ ਵਿਚ ਪਹਿਲਾਂ ਹੈ ਹੀ ਸਾਡੀ ਫੈਡਰੇਸ਼ਨ ਸਾਡੀ ਜਥੇਬੰਦੀ ਹੈ। ਅਸਾਂ ਇਸ ਨੂੰ ਸਿਰਫ ਸ਼ਕਤੀਸ਼ਾਲੀ ਬਣਾਉਣਾ ਹੈ। ਦਰੱਖਤ ਪਹਿਲਾਂ ਦੀ ਲੱਗਾ ਹੋਇਆ ਹੈ ਹੁਣ ਇਸਨੂੰ ਪਾਣੀ ਤੇ ਖੁਰਾਕ ਦੇਣੀ ਬਾਕੀ ਹੈ। ਚੋਣ ਕਮਿਸ਼ਨ ਨੇ ਸਾਡੀ ਫੈਡਰੇਸ਼ਨ ਨੂੰ ਸਰਵ ਭਾਰਤੀ ਜਥੇਬੰਦੀ ਸਵੀਕਾਰ ਕੀਤਾ ਹੈ।

ਅਸੀਂ ਨਵੇਂ ਸਿਰਿਉਂ ਨਵਾਂ ਮਕਾਨ ਨਹੀਂ ਬਣਾਉਣਾ ਮਕਾਨ ਤਾਂ ਪਹਿਲਾਂ ਹੀ ਹੈ, ਅਸੀਂ ਤਾਂ ਸਿਰਫ ਸੰਤੁਸ਼ਟ ਹੋ ਕੇ ਬੈਠੇ ਰਹੇ ਤਾਂ ਅਜਿਹਾ ਸਮਾਂ ਆ ਸਕਦਾ ਹੈ ਜਦੋਂ ਸਾਨੂੰ ਬੇਘਰੇ ਹੋ ਕੇ ਇਧਰ-ਉਧਰ ਘੁੰਮਣਾ ਪਵੇ ਤੇ ਸਾਡੇ ਨਾਲ ਉਸ ਤਰ੍ਹਾਂ ਦਾ ਅਪਮਾਨ ਭਰਿਆ ਵਤੀਰਾ ਹੋਵੇ, ਉਸ ਤਰ੍ਹਾਂ ਸਾਨੂੰ ਸਜ਼ਾਵਾਂ ਦਿੱਤੀਆਂ ਜਾਣ ਤੇ ਸਾਨੂੰ ਨਕਾਰੇ ਬਣਾਇਆ ਜਾਵੇ ਜਿਵੇਂ ਕਿ ਵੈਦਿਕ ਕਾਲ ਤੋਂ ਸਾਡੇ ਨਾਲ ਹੁੰਦਾ ਰਿਹਾ ਹੈ।

ਹੁਣ ਆਉਣ ਵਾਲੀਆਂ ਚੋਣਾਂ ਵਿਚ ਅਨੁਸੂਚਿਤ ਜਾਤੀਆਂ ਦਾ ਚੋਣ ਨਿਸ਼ਾਨ ਹਾਥੀ ਹੈ। ਇਹ ਨਿਸ਼ਾਨ ਮੈਂ ਇਸ ਲਈ ਚੁਣਿਆ ਹੈ ਕਿਉਂਕਿ ਭਾਰਤ ਵਿਚ ਹਰ ਕੋਈ ਇਸ ਤੋਂ ਜਾਣੂ ਹੈ। ਅਨਪੜ੍ਹ ਲੋਕ ਵੀ ਬਹੁਤ ਆਸਾਨੀ ਨਾਲ ਇਸਨੂੰ ਪਹਿਚਾਣ ਸਕਦੇ ਹਨ। ਦੂਜੇ, ਹਾਥੀ ਆਪਣੀ ਅਕਲਮੰਦੀ, ਸ਼ਕਤੀ ਅਤੇ ਹੌਸਲੇ ਲਈ ਮਸ਼ਹੂਰ ਹੈ। ਸਾਡੇ ਲੋਕ ਹਾਥੀ ਵਾਂਗ ਖੜ੍ਹਨ ਲੱਗੇ ਬਹੁਤ ਸਮਾਂ ਲਾਉਂਦੇ ਹਨ। ਪਰ ਹਾਥੀ ਜਦ ਇਕ ਵਾਰ ਖੜ੍ਹ ਜਾਵੇ ਫਿਰ ਉਸ ਨੂੰ ਬਿਠਾਉਣਾ ਆਸਾਨ ਨਹੀਂ।

ਹੁਣ ਸਵਾਲ ਹੈ ਚੋਣ ਸਮਝੌਤਿਆਂ ਦਾ। ਅਨੁਸੂਚਿਤ ਜਾਤੀਆਂ ਦੇ ਲੋਕ ਘੱਟ ਗਿਣਤੀ 'ਚ ਹਨ। ਸਾਨੂੰ ਅਲੱਗ ਚੋਣ ਹਲਕੇ ਵੀ ਮਿਲੇ ਹਨ। ਇਸ ਲਈ ਦੂਜੀਆਂ ਸਿਆਸੀ ਪਾਰਟੀਆਂ ਨਾਲ ਚੋਣ ਸਮਝੌਤੇ ਕਰਨਾ ਜ਼ਰੂਰੀ ਹੋਵੇਗਾ। ਉਹਨਾਂ ਚੋਣ ਹਲਕਿਆਂ ਵਿਚ ਦੋ ਦੋ ਵੋਟਾਂ ਹਨ ਜੋ ਅਨੁਸੂਚਿਤ ਜਾਤੀਆਂ ਲਈ ਰਿਜ਼ਰਵ ਹਨ।

ਇਕ ਵੋਟ ਅਸੀਂ ਉਸ ਸਿਆਸੀ ਪਾਰਟੀ ਨੂੰ ਦੇ ਸਕਦੇ ਹਾਂ, ਜਿਸ ਨਾਲ ਅਸੀਂ ਚੋਣ ਸਮਝੌਤਾ ਕਰੀਏ ਤੇ ਦੂਜੀ ਵੋਟ 'ਸ਼ਡੂਲਡ ਕਾਸਟ ਫੈਡਰੇਸ਼ਨ' ਦੇ ਉਮੀਦਵਾਰ ਨੂੰ ਦਿੱਤੀ ਜਾਵੇ। ਇਹ ਫੈਸਲਾ ਅਜੇ ਨਹੀਂ ਹੋਇਆ ਕਿ ਅਸਾਂ ਚੋਣ ਸਮਝੌਤਾ ਕਿਸ ਸਿਆਸੀ ਪਾਰਟੀ ਨਾਲ ਕਰਨਾ ਹੈ।

ਛੇਤੀ ਹੀ ਇਹ ਫੈਸਲਾ ਹੋ ਜਾਵੇਗਾ। ਫੈਸਲਾ ਹੋ ਜਾਣ ਮਗਰੋਂ ਇਹ ਹਰ ਅਨੁਸੂਚਿਤ ਜਾਤੀ ਦੇ ਵੋਟਰ ਦਾ ਫਰਜ਼ ਬਣ ਜਾਵੇਗਾ ਕਿ ਉਹ ਉਸ ਪਾਰਟੀ ਦੇ ਉਮੀਦਵਾਰ ਨੂੰ ਵੋਟ ਪਾਵੇ ਜਿਸ ਨਾਲ ਸਾਡਾ ਸਮਝੌਤਾ ਹੋਵੇ। ਸਮਾਪਤੀ ਤੋਂ ਪਹਿਲਾਂ ਮੈਂ ਪੰਜਾਬ ਦੇ ਹਰ ਵੋਟਰ ਨੂੰ ਅਪੀਲ ਕਰਦਾ ਹਾਂ ਕਿ ਉਹ ਫੈਡਰੇਸ਼ਨ ਦੇ ਉਮੀਦਵਾਰ ਨੂੰ ਵੋਟ ਪਾਵੇ ਤੇ ਇਵੇਂ ਆਪਣੀ ਖੁਸ਼ਹਾਲੀ ਦਾ ਰਾਹ ਆਪ ਮਜ਼ਬੂਤ ਕਰੇ।

# ਬਾਬਾ ਸਾਹਿਬ ਜੀ ਦਾ ਆਪਣੇ ਹੀ ਜਨਮ ਦਿਨ ਉਤੇ ਸੰਦੇਸ਼

1947 ਨੂੰ ਬਾਬਾ ਸਾਹਿਬ ਦੇ 55ਵੇਂ ਜਨਮ ਦਿਨ ਮੌਕੇ ਆਪਣਾ ਵਿਸ਼ੇਸ਼ ਅੰਕ ਕੱਢਿਆ, ਜਿਸ ਲਈ ਉਹਨਾਂ ਨੂੰ ਆਪਣਾ ਸੰਦੇਸ਼ ਭੇਜਣ ਲਈ ਬੇਨਤੀ ਕੀਤੀ ਗਈ। ਆਪਣੇ ਹੀ ਜਨਮ ਦਿਨ ਉਤੇ ਬਾਬਾ ਸਾਹਿਬ ਨੇ ਸੰਦੇਸ਼ ਦਿੱਤਾ?

''ਇਸ ਨੂੰ ਬਦਕਿਸਮਤੀ ਹੀ ਕਹਾਂਗੇ ਕਿ ਭਾਰਤ ਵਿਚ ਇਕ ਰਾਜਨੀਤਿਕ ਨੇਤਾ ਨੂੰ ਪੈਗੰਬਰ ਮੰਨ ਲਿਆ ਜਾਂਦਾ ਹੈ। ਇਹ ਭਾਰਤ ਦੇਸ਼ ਹੀ ਹੈ, ਜਿੱਥੇ ਪੈਗੰਬਰਾਂ ਅਤੇ ਸਿਆਸਤਦਾਨਾਂ ਦੇ ਜਨਮ ਦਿਨ ਇਕੋ ਪੱਧਰ ਉਤੇ ਮਨਾਏ ਜਾਣ ਦਾ ਰਿਵਾਜ਼ ਹੈ। ਨਿੱਜੀ ਤੌਰ ਤੇ ਮੈਂ ਆਪਣਾ ਜਨਮ ਦਿਨ ਮਨਾਉਣਾ ਪਸੰਦ ਨਹੀਂ ਕਰਦਾ। ਮੈਂ ਲੋਕਤੰਤਰਵਾਦੀ, ਵਿਚਾਰਧਾਰਾ ਦਾ ਹਾਂ। ਵਿਅਕਤੀਗਤ ਪੂਜਾ, ਲੋਕਤੰਤਰ ਦੇ ਐਨ ਉਲਟ ਕਾਰਜ ਹੈ। ਜੇ ਕੋਈ ਨੇਤਾ ਪਿਆਰ ਸਤਿਕਾਰ ਦੇ ਕਾਬਲ ਹੈ ਤਾਂ ਉਸਦਾ ਮਾਣ ਸਨਮਾਨ ਕਰਨਾ ਮਾੜਾ ਨਹੀਂ ਪਰ ਲੀਡਰ ਦੀ ਪੂਜਾ ਹੋਵੇ, ਇਹ ਨਿਹਾਇਤ ਮਾੜੀ ਗੱਲ ਹੈ। ਪਰ ਜੇ ਕਿਸੇ ਰਾਜਸੀ ਬੰਦੇ ਨੂੰ ਤੁਸੀਂ ਪੈਗੰਬਰ ਮੰਨ ਲਿਆ ਤਾਂ ਜ਼ਰੂਰੀ ਹੈ ਕਿ ਉਹ ਪੈਗੰਬਰ ਵਾਲੇ ਕੰਮ ਵੀ ਕਰੇ।'' ਆਪਣੇ ਲੋਕਾਂ ਨੂੰ ਮੈਂ ਕੀ ਸੰਦੇਸ਼ ਦੇ ਸਕਦਾ ਹਾਂ? ਯੂਨਾਨੀ ਮਿਥਿਹਾਸ ਵਿਚ ਇਕ ਕਹਾਣੀ ਆਉਂਦੀ ਹੈ। ਇਕ ਦੇਵੀ ਆਪਣੀ ਪੁੱਤਰੀ ਦੀ ਭਾਲ ਕਰਦੀ ਕਰਦੀ ਰਾਜੇ ਦੇ ਮਹਿਲ ਆਉਂਦੀ ਹੈ। ਉਹ ਇਕ ਨੌਕਰਾਣੀ ਦੇ ਭੇਸ ਵਿਚ ਹੈ ਸੋ ਉਸ ਨੂੰ ਕੋਈ ਨਹੀਂ ਪਛਾਣਦਾ। ਰਾਣੀ ਉਸ ਨੂੰ ਆਪਣੇ ਨਵਜੰਮੇ ਬੱਚੇ ਦੀ ਸੇਵਾ ਸੰਭਾਲ ਸੌਂਪ ਦਿੰਦੀ ਹੈ।

ਰਾਤ ਨੂੰ ਜਦੋਂ ਸਾਰੇ ਸੌਂ ਜਾਂਦੇ, ਨੌਕਰਾਣੀ ਉਸ ਬੱਚੇ ਨੂੰ ਅੱਗ ਤੇ ਲਿਟਾ ਦਿੰਦੀ। ਦੇਖਣ ਸੁਣਨ ਨੂੰ ਇਹ ਗੱਲ ਇਕ ਜ਼ਾਲਮਾਨਾ ਹਰਕਤ ਲੱਗਦੀ ਹੈ ਪਰ ਅਜਿਹਾ ਉਹ ਬੱਚੇ ਦੀ ਬਿਹਤਰੀ ਲਈ ਕਰਦੀ ਤਾਂ ਕਿ ਉਸ ਅੰਦਰ ਔਕੜਾਂ, ਤਕਲੀਫ਼ਾਂ ਸਹਿਣ ਦੀ ਸ਼ਕਤੀ ਪੈਦਾ ਹੋਵੇ, ਸਹਿਣਸ਼ੀਲਤਾ ਅਤੇ ਤਾਕਤ ਪੈਦਾ ਹੋਵੇ, ਅੱਗ ਵਿਚ ਤਪ ਕੇ ਉਹ ਕੁੰਦਨ ਬਣ ਜਾਵੇ। ਪਰ ਇਕ ਵਾਰ ਰਾਣੀ, ਮੌਕੇ ਤੇ ਆ ਗਈ, ਅੱਗ ਨੂੰ ਪਰ੍ਹਾਂ ਵਗਾਹ ਮਾਰਿਆ।

ਆਪਣੇ ਚਿੱਤੋਂ ਬੱਚਾ ਤਾਂ ਉਸਨੇ ਬਚਾ ਲਿਆ, ਪ੍ਰੰਤੂ ਮਹਾਨਤਾ ਦਾ ਸਿਖਰ, ਦੇਵਤਾ ਹੋਣ ਦੀ ਪਦਵੀ, ਬੱਚੇ ਹੱਥੋਂ ਜਾਂਦੀ ਰਹੀ। ਇਸ ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ? ਮੇਰੇ ਖਿਆਲ ਅਨੁਸਾਰ, ਇਹੋ ਕਿ ਮਹਾਨਤਾ ਕੇਵਲ ਸੰਘਰਸ਼ ਅਤੇ ਕੁਰਬਾਨੀ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ। ਅੱਗ ਸ਼ੁੱਧ ਕਰਦੀ ਹੈ, ਮਜ਼ਬੂਤ ਕਰਦੀ ਹੈ, ਔਕੜਾਂ ਅਤੇ ਸੰਘਰਸ਼ ਵੀ ਇਹੋ ਕਰਦੇ ਹਨ। ਜੇ ਉੱਜਲ ਭਵਿੱਖ ਦਾ ਨਿ-ਰਮਾਣ ਕਰਨਾ ਹੈ ਤਾਂ ਜ਼ਰੂਰੀ ਹੈ ਕਿ ਅੱਜ ਦਾ ਆਰਾਮ, ਅੱਜ ਦੀਆਂ ਲੋੜਾਂ ਤੱਕ ਕੁਰਬਾਨ ਕਰ ਦੇਈਏ। ਸੋ ਮੇਰਾ ਇਹੋ ਸੰਦੇਸ਼,ਇਹੋ ਸੁਨੇਹਾ ਹੈ, ਸੰਘਰਸ਼ ਅਤੇ ਹੋਰ ਸੰਘਰਸ਼, ਕੁਰਬਾਨੀ ਅਤੇ ਹੋਰ ਕੁਰਬਾਨੀ।''

ਗੌਰ ਦੇ ਨਾਮ ਸੰਦੇਸ਼ ਸੁਣਨ ਜੋ,  
ਮੇਰਾ ਦਿਲ ਮਨਾਵਣ ਵਾਲੇ।  
ਹੋਣਗੇ ਉਹੀ ਮਹਾਨ ਜੋ ਅੱਗ ਵਿਚ  
ਆਪਣਾ ਆਪ ਤਪਾਵਣ ਵਾਲੇ।  
ਐਵੇਂ ਨਹੀਂ ਸ਼ਕਤੀ ਦੀ ਪੂਜਾ,  
ਦੁਨੀਆਂ ਅੰਦਰ ਹੁੰਦੀ ਲੋਕੋ,  
ਸ਼ਕਤੀਸ਼ਾਲੀ ਉਹ ਹੁੰਦੇ ਜੋ, ਨਵੀਆਂ ਪੈੜਾਂ ਪਾਵਣ ਵਾਲੇ।  
ਦਿਨ ਚੌਦਾਂ ਅਪ੍ਰੈਲ ਦੇ ਉਤੇ, ਮੇਰਾ ਕਹਿਣ ਹੈ ਲੋਕਾਂ ਤਾਈਂ,  
ਕਦੇ ਤਰੱਕੀ ਕਰ ਨਹੀਂ ਸਕਦੇ,  
ਰੱਬ ਦੀਆਂ ਦਿੱਤੀਆਂ ਖਾਵਣ ਵਾਲੇ।  
ਖੂਨ ਪਸੀਨਾ ਇਕ ਕਰਨਗੇ,  
ਉਹ ਜੱਗ ਤੇ ਪਹਿਚਾਣ ਬਣਨਗੇ,  
ਨਾਇਕ ਲੋਕਾਂ ਦੇ ਬਣ ਨਹੀਂ ਸਕਦੇ,  
ਸਹਿਜਲ ਚੰਮ ਬਚਾਵਣ ਵਾਲੇ।

*(ਮਨੁੱਖਤਾ ਦੇ ਨਾਇਕ- ਬਾਬਾ ਸਾਹਿਬ)*

# ਸੰਸਦੀ ਲੋਕਤੰਤਰ ਦਾ ਭਵਿੱਖ

## ਇਤਿਹਾਸਕ ਭਾਸ਼ਣ- ਬਾਬਾ ਸਾਹਿਬ ਡਾ.ਅੰਬੇਦਕਰ

(ਇਸ ਭਾਸ਼ਣ ਵਿਚ ਬਾਬਾ ਸਾਹਿਬ ਡਾ. ਅੰਬੇਦਕਰ ਨੇ ਡੀ. ਏ ਵੀ. ਕਾਲਜ ਜਲੰਧਰ ਵਿਖੇ 'ਵਿਦਿਆਰਥੀ ਦੀ ਪਾਰਲੀਮੈਂਟ' ਸਾਹਮਣੇ 28 ਅਕਤੂਬਰ 1951 ਨੂੰ ਦਿੱਤਾ ਸੀ, ਵਿਚ ਪਾਰਲੀਮੈਂਟਰੀ ਡੈਮੋਕ੍ਰੇਸੀ ਬਾਰੇ ਆਪਣੇ ਵਿਚਾਰ ਰੱਖੇ ਹਨ।)

ਸਨਮਾਨਯੋਗ ਪ੍ਰਿੰਸੀਪਲ, ਪ੍ਰਧਾਨ ਅਤੇ ਵਕਤਾਗਣ,

ਮੈਨੂੰ ਤੁਹਾਡੇ ਸਪੈਸ਼ਲ ਸੈਸ਼ਨ ਵਿਚ ਤੁਹਾਡੇ ਸਾਹਮਣੇ ਖਿਆਲ ਰੱਖਣ ਦਾ ਸੱਦਾ ਦੇਣ ਲਈ ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਜ਼ਿੰਦਗੀ ਭਰ ਮੈਂ ਇਕ ਵਿਸ਼ੇ ਤੋਂ ਦੂਜੇ ਵਿਸ਼ੇ ਵੱਲ ਅਤੇ ਇਕ ਵਿਵਸਾਏ ਤੋਂ ਦੂਜੇ ਵਿਵਸਾਏ ਵੱਲ ਖੋਜ ਕਰਦਾ ਰਿਹਾ ਹਾਂ। ਸੰਨ 1919 ਵਿਚ ਇੰਗਲੈਂਡ ਤੋਂ ਵਾਪਸ ਆ ਕੇ ਮੈਂ ਸਰਕਾਰੀ ਕਾਮਰਸ ਦੇ ਪ੍ਰੋਫੈਸਰ ਦੇ ਤੌਰ ਤੇ ਆਪਣਾ ਜੀਵਨ ਆਰੰਭ ਕੀਤਾ। ਪ੍ਰੰਤੂ ਜਲਦੀ ਹੀ ਮੈਂ ਅਨੁਭਵ ਕੀਤਾ ਕਿ ਜਿਹਨਾਂ ਲੋਕਾਂ ਨੇ ਜਨ ਸੇਵਾ ਕਰਨੀ ਹੈ, ਉਹਨਾਂ ਲਈ ਸਰਕਾਰੀ ਨੌਕਰੀ ਠੀਕ ਨਹੀਂ ਹੈ। ਸਰਕਾਰੀ ਨੌਕਰੀ ਰੂਲ ਅਤੇ ਅਨੁਸ਼ਾਸਨ ਦੀ ਚਾਰਦੀਵਾਰੀ ਅੰਦਰ ਬੰਨ੍ਹਿਆ ਹੁੰਦਾ ਹੈ। ਇਸ ਲਈ ਪਬਲਿਕ ਸੇਵਾ ਸਮੇਂ ਉਸ ਨੂੰ ਹਮੇਸ਼ਾ ਤਕਲੀਫ਼ ਹੁੰਦੀ ਹੈ। ਇਸ ਤੋਂ ਬਾਅਦ ਮੈਂ ਫਿਰ ਬੈਰਿਸਟਰੀ ਪਾਸ ਕਰਨ ਲਈ ਇੰਗਲੈਂਡ ਗਿਆ। ਇੰਗਲੈਂਡ ਤੋਂ ਵਾਪਸ ਆ ਕੇ ਮੈਂ ਥੋੜ੍ਹੇ ਸਮੇਂ ਲਈ ਵਕਾਲਤ ਕੀਤੀ ਅਤੇ ਫਿਰ ਸਰਕਾਰੀ ਲਾਅ ਕਾਲਜ ਬੰਬਈ ਵਿਚ ਪ੍ਰਿੰਸੀਪਲ ਦੀ ਪਦਵੀ ਤੇ ਨਿਯੁਕਤੀ ਪ੍ਰਾਪਤ ਕਰ ਲਈ। ਇਸ ਤਰ੍ਹਾਂ ਮੈਂ ਫਿਰ ਇਕ ਅਧਿਆਪਕ ਦੇ ਵਿਵਸਾਏ ਵਿਚ ਆ ਗਿਆ। ਮੈਂ ਪੰਜ ਸਾਲ ਤੀਕ ਲਾਅ ਕਾਲਜ ਦੇ ਪ੍ਰਿੰਸੀਪਲ ਦੇ ਤੌਰ ਤੇ ਨੌਕਰੀ ਕੀਤੀ। ਇਸ ਤੋਂ ਬਾਅਦ ਸੰਨ 1935 ਵਿਚ ਗੌਰਮਿੰਟ ਆਫ ਇੰਡੀਆ ਐਕਟ ਬਣਿਆ, ਜਿਸ ਦੁਆਰਾ ਪਹਿਲੀ ਵਾਰ ਲੋਕਾਂ ਦੁਆਰਾ ਚੁਣੀ ਗਈ ਸਰਕਾਰ ਦੀ ਵਿਵਸਥਾ ਕੀਤੀ ਗਈ। ਇਸ ਲਈ ਮੈਂ ਰਾਜਨੀਤੀ ਵਿਚ ਕੁੱਦਣ ਲਈ ਸੋਚਿਆ ਅਤੇ ਨੌਕਰੀ ਛੱਡ ਕੇ ਰਾਜਨੀਤੀ ਵਿਚ ਆ ਗਿਆ। ਤਦੋਂ ਤੋਂ ਹੀ ਮੈਂ ਕਦੀ ਵਕਾਲਤ ਕਰਨ ਲੱਗ ਜਾਂਦਾ ਹਾਂ ਅਤੇ ਕਦੀ ਲੋਕ ਸੇਵਾ ਵਿਚ ਜੁਟ ਜਾਂਦਾ ਹਾਂ। ਇਸ ਤਰ੍ਹਾਂ ਵਕਾਲਤ ਅਤੇ ਲੋਕ ਸੇਵਾ ਮੇਰੇ ਜੀਵਨ ਦੀਆਂ ਦੋ ਆਲਟਰਨੇਟਿਵ ਕਰੰਟਾਂ ਹਨ। ਮੈਨੂੰ ਪਤਾ ਨਹੀਂ ਇਹੋ ਜੀਵਨ ਕਿਸ ਕਰੰਟ ਨਾਲ ਸਮਾਪਤ ਹੋਵੇਗਾ। ਆਲਟਰ ਨੇਟਿਵ ਕਰੰਟ ਨਾਲ ਜਾਂ ਡਾਇ ਕਟ ਕਰੰਟ ਨਾਲ।

ਮੈਂ ਪੜ੍ਹਾਉਣ ਦੇ ਕਿੱਤੇ ਦਾ ਬਹੁਤ ਸ਼ੌਕੀਨ ਹਾਂ। ਇਸ ਲਈ ਮੈਂ ਵਿਦਿਆਰਥੀਆਂ ਨੂੰ ਵੀ ਬਹੁਤ ਪਸੰਦ ਕਰਦਾ ਹਾਂ। ਮੈਂ ਬਹੁਤ ਸਮੇਂ ਤੋਂ ਉਹਨਾਂ ਨਾਲ ਕੰਮ ਕਰਦਾ ਰਿਹਾ ਹਾਂ। ਮੇਰੇ ਮੰਤਰੀ ਮੰਡਲ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਪਹਿਲੀ ਵਾਰ ਮੈਂ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਿਹਾ ਹਾਂ। ਵਿਦਿਆਰਥੀਆਂ ਨਾਲ ਗੱਲਬਾਤ ਕਰਕੇ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ। ਦੇਸ਼ ਦੇ ਵਿਦਿਆਰਥੀਆਂ ਉਪਰ ਦੇਸ਼ ਦਾ ਭਵਿੱਖ ਨਿਰਧਾਰਿਤ ਹੁੰਦਾ ਹੈ। ਵਿਦਿਆਰਥੀ ਸੁਸਾਇਟੀ ਦਾ ਬੁੱਧੀਜੀਵੀ ਵਰਗ ਹੁੰਦਾ ਹੈ ਅਤੇ ਉਹ ਲੋਕਾਂ ਦੀ ਰਾਏ ਬਦਲਣ ਲਈ ਸਮਰੱਥ ਹਨ। ਇਸ ਲਈ ਮੈਂ ਤੁਹਾਡੀ ਪਾਰਲੀਮੈਂਟ ਨੂੰ ਸੰਬੋਧਨ ਕਰਨ ਵਿਚ ਬਹੁਤ ਖੁਸ਼ੀ ਮਹਿਸੂਸ ਕਰਦਾ ਹਾਂ ਅਤੇ ਮੈਨੂੰ ਇਹ ਮੌਕਾ ਦੇਣ ਲਈ ਮੈਂ ਤੁਹਾਡਾ ਬਹੁਤ ਧੰਨਵਾਦੀ ਵੀ ਹਾਂ। ਜਦੋਂ ਤੁਹਾਡੇ ਪ੍ਰਿੰਸੀਪਲ ਸਾਹਿਬ ਨੇ ਮੈਨੂੰ ਤੁਹਾਨੂੰ ਸੰਬੋਧਨ ਕਰਨ ਲਈ ਸੱਦਾ ਦਿੱਤਾ ਸੀ ਤਾਂ ਉਹਨਾਂ ਨੇ ਕੋਈ ਖਾਸ ਵਿਸ਼ੇ ਬਾਰੇ ਨਹੀਂ ਦੱਸਿਆ ਸੀ।

ਇਸ ਲਈ ਅੱਜ ਦੇ ਦਿਨ ਮੈਂ ਤੁਹਾਨੂੰ ਕਿਸ ਵਿਸ਼ੇ ਦੇ ਸਬੰਧ ਵਿਚ ਸੰਬੋਧਨ ਕਰਾਂ, ਇਸ ਬਾਰੇ ਮੈਂ ਵੀ ਨਹੀਂ ਸੋਚਿਆ ਪਰ ਹੁਣ ਫੌਰੀ ਤੌਰ ਤੇ ਮੈਨੂੰ ਆਪਣੇ ਆਪ ਵਿਚ ਸਪਸ਼ਟਤਾ ਪ੍ਰਾਪਤ ਹੋ ਗਈ ਹੈ ਕਿ ਮੈਂ ਕਿਸ ਵਿਸ਼ੇ ਤੇ ਤੁਹਾਡੇ ਨਾਲ ਚਰਚਾ ਕਰਾਂ। ਮੈਂ ਤੁਹਾਡੇ ਸਾਹਮਣੇ ਪਾਰਲੀਮੈਂਟ ਡੈਮੋਕਰੇਸੀ ਦੇ ਵਿਸ਼ੇ ਉਪਰ ਬੋਲਣ ਦਾ ਮਨ ਬਣਾਇਆ ਹੈ। ਮੇਰੇ ਪਾਸ ਸਮੇਂ ਦੀ ਬਹੁਤ ਕਮੀ ਹੈ। ਇਸ ਲਈ ਮੈਂ ਸੰਖੇਪ ਵਿਚ ਹੀ ਇਸ ਵਿਸ਼ੇ ਤੇ ਵਿਸ਼ਲੇਸ਼ਣ ਕਰਾਂਗਾ।

ਸਰਕਾਰ ਦੇ ਭੇਦ:

ਕੰਸਰੀਚੂਐਂਟ ਅਸੈਂਬਲੀ ਵਿਚ ਸਾਡੇ ਦੇਸ਼ ਵਿਚ ਕਿਸ ਤਰ੍ਹਾਂ ਦਾ ਸੰਵਿਧਾਨ ਹੋਣਾ ਚਾਹੀਦਾ ਹੈ। ਇਸ ਬਾਰੇ ਬਹੁਤ ਸਾਰੇ ਵੱਖ ਵੱਖ ਖਿਆਲ ਸਨ, ਕੁਝ ਐਸੇ ਵੀ ਸਨ ਜੋ ਇਹਨਾਂ ਦੋਹਾਂ ਵਿਚੋਂ ਕਿਸੇ ਨੂੰ ਵੀ ਨਹੀਂ ਚਾਹੁੰਦੇ ਸਨ। ਪ੍ਰੰਤੂ ਬਹੁਤ ਵਿਚਾਰ ਅਤੇ ਬਹਿਸਬਾਜ਼ੀ ਤੋਂ ਬਾਅਦ ਬਹੁਗਿਣਤੀ ਮੈਂਬਰਾਂ ਦੀ ਰਾਏ ਬਣ ਗਈ ਕਿ ਪਾਰਲੀਮੈਂਟਰੀ ਸਰਕਾਰ ਦਾ ਢਾਂਚਾ ਜੋ ਬਰਤਾਨੀਆ ਵਿਚ ਚੱਲ ਰਿਹਾ ਹੈ, ਉਹ ਸਾਡੇ ਦੇਸ਼ ਬਾਰੇ ਬਹੁਤ ਢੁਕਵਾਂ ਹੈ। ਮੈਂਬਰਾਂ ਦੇ ਕਈ ਗਰੁੱਪ ਪਾਰਲੀਮੈਂਟਰੀ ਸਰਕਾਰ ਦੇ ਪੱਖ ਵਿਚ ਨਹੀਂ ਸਨ। ਕਾਮਰੇਡ ਰੂਸ ਵਰਗੀ ਸਰਕਾਰ ਦਾ ਢਾਂਚਾ ਚਾਹੁੰਦੇ ਸਨ। ਸਮਾਜਵਾਦੀ ਵੀ ਭਾਰਤ ਦੇ ਮੌਜੂਦਾ ਸੰਵਿਧਾਨ ਦੇ ਵਿਰੋਧੀ ਸਨ। ਉਹ ਇਸ ਦੇ ਵਿਰੋਧ ਵਿਚ ਲੜ ਰਹੇ ਸਨ। ਉਹਨਾਂ ਨੇ ਘੋਸ਼ਣਾ ਕੀਤੀ ਕਿ ਜੇ ਉਹ ਤਾਕਤ ਵਿਚ ਆ ਗਏ ਤਾਂ ਉਹ ਇਹ ਸੰਵਿਧਾਨ ਬਦਲ ਦੇਣਗੇ। ਵਿਅਕਤੀਗਤ ਰੂਪ ਵਿਚ ਮੈਂ ਪਾਰਲੀਮੈਂਟਰੀ ਸਰਕਾਰ ਦੇ ਢਾਂਚੇ ਨੂੰ ਬਹੁਤ ਪਸੰਦ ਕਰਦਾ ਹਾਂ। ਸਾਨੂੰ ਸਮਝਣਾ ਚਾਹੀਦਾ ਹੈ ਕਿ ਇਸਦੇ ਕੀ ਅਰਥ ਹਨ। ਅਤੇ ਸੰਵਿਧਾਨ ਨੂੰ ਸੰਭਾਲ ਕੇ ਰੱਖਣਾ ਜ਼ਰੂਰੀ ਹੈ।

ਪਾਰਲੀਮੈਂਟਰੀ ਸਰਕਾਰ:

ਪਾਰਲੀਮੈਂਟਰੀ ਸਰਕਾਰ ਦੇ ਕੀ ਅਰਥ ਹਨ? ਵਾਲਟਰ ਬੈਜਟ ਦੀ ਲਿਖੀ ਹੋਈ ਇਕ ਪੁਸਤਕ ਬਰਤਾਨਵੀ ਸੰਵਿਧਾਨ ਦੇ ਵਿਸ਼ੇ ਵਿਚ ਹੈ। ਇਹ ਇਕ ਬੇਮੁੱਲਾ ਖਜ਼ਾਨਾ ਹੈ, ਬਾਅਦ ਵਿਚ ਪ੍ਰੋਫੈਸਰ ਲਾਸਕੀ ਅਤੇ ਹੋਰ ਲਿਖਾਰੀਆਂ ਨੇ ਉਸਦਾ ਵਿਸਥਾਰ ਕੀਤਾ, ਉਸਨੂੰ ਇਕ ਵਾਕ ਵਿਚ ਪਾਰਲੀਮੈਂਟਰੀ ਸਰਕਾਰ ਨੂੰ ਬਿਆਨ ਕੀਤਾ ਹੈ। ਉਸਨੇ ਕਿਹਾ ਹੈ ਕਿ ਪਾਰਲੀਮੈਂਟਰੀ ਸਰਕਾਰ ਉਹ ਸਰਕਾਰ ਹੈ ਜੋ ਬਹਿਸ ਦੁਆਰਾ ਨਿਰਣਾ ਲਵੇ। ਨਾ ਕਿ (ਜ਼ੋਰਾ ਜ਼ਬਰੀ) ਮਨਮਰਜ਼ੀ ਦੁਆਰਾ। ਤੁਸੀਂ ਹਮੇਸ਼ਾ ਦੇਖਦੇ ਹੋ ਬਰਤਾਨਵੀ ਸਰਕਾਰ ਦੇ ਢਾਂਚੇ ਵਿਚ ਨਿਰਣੇ ਬਹਿਸ ਤੋਂ ਬਾਅਦ ਲਏ ਜਾਂਦੇ ਹਨ। ਅਤੇ ਮੁਸ਼ਕਿਲ ਨਾਲ ਕਦੀ ਕਦੀ ਮਰਜ਼ੀ ਹੁੰਦੀ ਹੈ। ਬਰਤਾਨਵੀ ਪਾਰਲੀਮੈਂਟ ਵਿਚ ਹਮੇਸ਼ਾ ਬਹਿਸ ਹੁੰਦੀ ਹੈ ਅਤੇ ਫੈਸਲੇ ਹੁੰਦੇ ਹਨ ਕੋਈ ਕਦੀ ਹੁੱਲੜਬਾਜ਼ੀ ਨਹੀਂ ਕਰਦਾ।ਕਈ ਵਾਰ ਨਤੀਜੇ ਤੇ ਪਹੁੰਚਣ ਤੋਂ ਬਾਅਦ ਆਮ ਤੌਰ ਤੇ ਘਸੁੰਨ ਮੁੱਕੀ ਹੋ ਜਾਂਦੀ ਹੈ। ਤੁਸੀਂ ਦੇਖਦੇ ਹੋ ਕਿ ਜੋ ਪਾਰਲੀਮੈਂਟਰੀ ਸਿਸਟਮ ਦੇ ਢਾਂਚੇ ਵਿਚ ਪੈਦਾ ਨਹੀਂ ਹੋਏ ਉਹਨਾਂ ਦੀ ਸਮਝ ਵਿਚ ਇਹ ਢਾਂਚਾ ਮੁਸ਼ਕਿਲ ਨਾਲ ਆਵੇਗਾ। ਉਹਨਾਂ ਵਾਸਤੇ ਇਹ ਢਾਂਚਾ ਗੈਰ ਮੁਲਕੀ ਹੈ। ਪਰ ਅਸਾਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ ਅਤੇ ਇਸਨੂੰ ਸਫਲ ਬਣਾਉਣਾ ਚਾਹੀਦਾ ਹੈ।

ਭਾਵੇਂ ਅੱਜ ਪਾਰਲੀਮੈਂਟਰੀ ਡੈਮੋਕਰੇਸੀ ਤੋਂ ਅਣਜਾਣ ਹਾਂ, ਪ੍ਰੰਤੂ ਇਕ ਭਾਰਤ ਵਿਚ ਪਾਰਲੀਮੈਂਟਰੀ ਸੰਸਥਾਵਾਂ ਹੀ ਹੁੰਦੀਆਂ ਸਨ। ਪੁਰਾਤਨ ਸਮੇਂ ਵਿਚ ਭਾਰਤ ਬਹੁਤ ਅਗਾਂਹਵਧੂ ਦੇਸ਼ ਸੀ। ਅਗਰ ਤੁਸੀਂ ਮਹਾਂ ਪ੍ਰੀ-ਨਿਰਵਾਣ ਦੇ ਨੁਕਤੇ ਨੂੰ ਦੇਖੋਗੇ ਤਾਂ ਮੇਰੇ ਖਿਆਲ ਦੀ ਪ੍ਰੋੜ੍ਹਤਾ ਜ਼ਰੂਰ ਕਰੋਗੇ।ਇਸ ਨੁਕਤੇ ਵਿਚ ਦੱਸਿਆ ਹੈ ਕਿ ਜਦੋਂ ਭਗਵਾਨ ਗੌਤਮ ਬੁੱਧ ਕੁਸ਼ੀਨਾਰਾ ਵਿਚ ਅਕਾਲ ਚਲਾਣਾ ਕਰ ਰਹੇ ਸਨ ਤਾਂ ਭਿਖਸ਼ੂਆਂ ਨੂੰ ਇਕ ਸੁਨੇਹਾ ਭੇਜਿਆ ਗਿਆ। ਜੋ ਉਸ ਸਮੇਂ ਇਕ ਸੰਮੇਲਨ ਵਿਚ ਬੈਠੇ ਹੋਏ ਸਨ। ਉਹ ਪਾਰਲੀਮੈਂਟਰੀ ਸੰਸਥਾਵਾਂ ਦੇ ਕਾਇਲ ਸਨ। ਜਦੋਂ ਉਹਨਾਂ ਨੂੰ ਗੌਤਮ ਬੁੱਧ ਦਾ ਸੁਨੇਹਾ ਮਿਲਿਆ ਤਾਂ ਉਹਨਾਂ ਨੇ ਫੈਸਲਾ ਕੀਤਾ ਕਿ ਉਹ ਸੰਮੇਲਨ ਦੀ ਸਮਾਪਤੀ ਨਹੀਂ ਕਰਨਗੇ। ਪਾਰਲੀਮੈਂਟ ਦੇ ਸਾਹਮਣੇ ਜੋ ਕੰਮ ਹੈ ਉਸਨੂੰ ਸਮਾਪਤ ਕਰਕੇ ਹੀ ਕੁਸ਼ੀਨਾਰਾ ਨੂੰ ਜਾਣਗੇ। ਇਸ ਤਰ੍ਹਾਂ ਦੇ ਅਨੇਕਾਂ ਉਦਾਹਰਣ ਅਸਾਡੇ ਕੋਲ ਹਨ ਅਤੇ ਸਾਡੇ ਸਾਹਿਤ ਵਿਚ ਅੰਕਿਤ ਹਨ। ਜੋ ਦੱਸਦੇ ਹਨ ਕਿ ਪਾਰਲੀਮੈਂਟਰੀ ਢਾਂਚਾ ਸਾਡੇ ਲਈ ਕੋਈ ਅਣਜਾਣ ਪ੍ਰਣਾਲੀ ਨਹੀਂ ਹੈ।

ਢਾਂਚੇ ਦੇ ਕਾਇਦੇ ਕਾਨੂੰਨ:

ਪਾਰਲੀਮੈਂਟਰੀ ਢਾਂਚੇ ਨੂੰ ਚਲਾਉਣ ਲਈ ਬਹੁਤ ਸਾਰੇ ਕਾਇਦੇ ਕਾਨੂੰਨ ਹਨ, ਜੋ ਪਾਰਲੀਮੈਂਟ ਨੂੰ ਚਲਾਉਣ ਲਈ ਵਰਤੇ ਜਾਂਦੇ ਹਨ। ਪਹਿਲਾ ਅਸੂਲ ਇਹ ਹੈ ਕਿ ਜੋ ਹਮੇਸ਼ਾ ਹਰ ਥਾਂ ਇਸਤੇਮਾਲ ਹੁੰਦਾ ਹੈ ਕਿ ਨੋਟਿਸ ਦਿੱਤੇ ਬਗੈਰ ਕਿਸੇ ਮਤੇ ਉਪਰ ਬਹਿਸ ਨਹੀਂ ਹੋ ਸਕਦੀ। ਇਸ ਲਈ ਕਦੇ ਕਿਸੇ ਸਵਾਲ ਉਪਰ ਬਹਿਸ ਨਹੀਂ ਹੁੰਦੀ। ਇਹ ਰੂਲ ਵੀ ਪੁਰਾਤਨ ਭਾਰਤ ਵਿਚ ਪ੍ਰਾਚੀਨ ਕਾਲ ਵਿਚ ਵਰਤੋਂ ਵਿਚ ਲਿਆਂਦਾ ਜਾਂਦਾ ਸੀ।

ਗੁਪਤ ਮੱਤ ਦਾ ਕਾਇਦਾ ਵੀ ਜੋ ਅੱਜ ਚੱਲ ਰਿਹਾ ਹੈ ਕੋਈ ਨਵਾਂ ਨਹੀਂ ਹੈ। ਇਹ ਬੋਧੀ ਸੰਘ ਵਿਚ ਆਮ ਪ੍ਰਚੱਲਿਤ ਸੀ। ਉਹ ਵੋਟ ਨੂੰ 'ਸਲਾਹ ਪਤਰਕਾ ਗਗਹਕਾ' ਕਿਹਾ ਕਰਦੇ ਸਨ। ਮੰਦਭਾਗੀ ਅਸੀਂ ਭੂਤਕਾਲ ਦੀਆਂ ਸਾਰੀਆਂ ਚੰਗੀਆਂ ਚੀਜ਼ਾਂ ਨੂੰ ਅਤੇ ਵਿਰਸੇ ਨੂੰ ਭੁੱਲ ਚੁੱਕੇ ਹਾਂ। ਇਤਿਹਾਸਕਾਰਾਂ ਨੂੰ ਇਸ ਵਿਸ਼ੇ ਉਪਰ ਖੋਜ ਕਰਨੀ ਚਾਹੀਦੀ ਹੈ। ਸਾਡੇ ਪਾਰਲੀਮੈਂਟਰੀ ਸੰਸਥਾਨ ਕਿਉਂ ਨਸ਼ਟ ਹੋ ਗਏ, ਪ੍ਰੰਤੂ ਮੈਨੂੰ ਯਕੀਨ ਹੈ ਕਿ ਉਹ ਇਸਦਾ ਕਾਰਨ ਲੱਭਣ ਦੀ ਜ਼ਹਿਮਤ ਨਹੀਂ ਉਠਾ ਸਕਦੇ ਅਤੇ ਨਾ ਹੀ ਐਸਾ ਕਰਨ ਦੇ ਚਾਹਵਾਨ ਹਨ।

ਪੁਰਾਤਨ ਭਾਰਤ ਦੁਨੀਆਂ ਲਈ ਮਾਰਗ ਦਰਸ਼ਕ ਰਿਹਾ ਹੈ। ਭਾਰਤ ਵਿਚ ਜਿਸ ਤਰ੍ਹਾਂ ਦੀ ਬੌਧਿਕ ਸੁਤੰਤਰਤਾ ਸੀ, ਦੁਨੀਆਂ ਦੇ ਕਿਸੇ ਹਿੱਸੇ ਵਿਚ ਨਹੀਂ ਮਿਲਦੀ। ਤਾਂ ਉਹ ਪੁਰਾਣੀ ਸਭਿਅਤਾ ਕੁੱਤਿਆਂ ਦੇ ਮੂੰਹ ਕਿਵੇਂ ਪੈ ਗਈ?

ਭਾਰਤ ਦੇਸ਼ ਆਕੜਖੋਰ ਸਮਰਾਜ ਦਾ ਗੁਲਾਮ ਕਿਵੇਂ ਬਣ ਗਿਆ? ਅਸੀਂ ਤਾਂ ਪਾਰਲੀਮੈਂਟਰੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਵਾਕਫ ਸੀ। ਅਸੀਂ ਵੋਟ 'ਵੋਟਿੰਗ ਕਮੇਟੀਆਂ ਅਤੇ ਪਾਰਲੀਮੈਂਟਰੀ ਸੰਸਥਾਵਾਂ ਨੂੰ ਸੰਬੋਧਿਤ ਹੋਰ ਸਾਰੇ ਨੁਕਤਿਆਂ ਨੂੰ ਜਾਣਦੇ ਹਾਂ। ਪਰ ਫਿਰ ਵੀ ਲੋਕਸ਼ਾਹੀ ਤੰਤਰ ਸਾਨੂੰ ਦੁਸ਼ਮਣ ਕਿਉਂ ਲੱਗ ਰਿਹਾ ਹੈ? ਜੇਕਰ ਅਸੀਂ ਇਕ ਪਿੰਡ ਵਿਚ ਜਾਂਦੇ ਹਾਂ ਤਾਂ ਦੇਖਦੇ ਹਾਂ ਕਿ ਪਿੰਡ ਵਾਸੀ ਨਹੀਂ ਸਮਝਦੇ। ਕੀ ਵੋਟ ਕੀ ਹੈ? ਪਾਰਟੀ ਕੀ ਹੈ? ਉਹਨਾਂ ਨੂੰ ਇਹ ਗੱਲਾਂ ਅਜੀਬੋ ਗਰੀਬ ਲੱਗਦੀਆਂ ਹਨ, ਉਹ ਸਮਝਦੇ ਹਨ ਕਿ ਇਹ ਕਿਸੇ ਹੋਰ ਦੁਨੀਆਂ ਦੀਆਂ ਰੀਤਾਂ ਹੋਣਗੀਆਂ। ਅੱਜ ਸਾਡੇ ਵਾਸਤੇ ਇਸ ਸੰਸਥਾਨ ਨੂੰ ਬਰਕਰਾਰ ਰੱਖਣ ਵਾਸਤੇ ਬਹੁਤ ਸਮੱਸਿਆ ਪੈਦਾ ਹੋ ਗਈ ਹੈ। ਸਾਨੂੰ ਲੋਕਾਂ ਨੂੰ ਪੜ੍ਹਾਉਣਾ (ਸਿਖਾਉਣਾ) ਪਵੇਗਾ। ਸਾਨੂੰ ਉਹਨਾਂ ਨੂੰ ਲੋਕਤੰਤਰ ਦੇ ਲਾਭ ਸਮਝਾਉਣੇ ਪੈਣਗੇ। ਅਸੀਂ ਜਾਣਦੇ ਹਾਂ ਕਿ ਵਾਲਟਰ ਬੈਜਟ ਲੋਕਸ਼ਾਹੀ ਦਾ ਕੀ ਅਰਥ ਕੱਢਦੇ ਹਨ? ਪ੍ਰੰਤੂ ਅੱਜ ਵਾਲਟਰ ਬੈਜਟ ਦੀ ਪਰਿਭਾਸ਼ਾ ਦਾ ਕੋਈ ਲਾਭ ਨਹੀਂ। ਇਹ ਬਿਲਕੁਲ ਅਧੂਰੀ ਹੈ। ਪਾਰਲੀਮੈਂਟਰੀ ਸਰਕਾਰ ਦੇ ਤੰਤਰ ਵਿਚ ਤਿੰਨ ਮੂਲ ਚੀਜ਼ਾਂ ਗੁੰਦੀਆਂ ਹੋਈਆਂ ਹਨ।

ਤਿੰਨ ਮੂਲ ਵਸਤਾਂ: ਪਾਰਲੀਮੈਂਟਰੀ ਸਰਕਾਰ ਵੰਸ਼ਵਾਦ ਦਾ ਵਿਰੋਧ ਕਰਦੀ ਹੈ ਕੋਈ ਵਿਅਕਤੀ ਆਪਣੇ ਪੂਰਵਜਾਂ ਦੇ ਸ਼ਾਸਕ ਹੋਣ ਦਾ ਦਾਅਵੇਦਾਰ ਨਹੀਂ ਹੋ ਸਕਦਾ ਜੋ ਰਾਜ ਸੱਤਾ ਦਾ ਭਾਗੀ ਹੋਣਾ ਚਾਹੁੰਦਾ ਹੈ, ਉਸ ਸਮੇਂ ਸਮੇਂ ਸਿਰ ਲੋਕਾਂ ਵੱਲੋਂ ਚੁਣਿਆ ਜਾਣਾ ਜ਼ਰੂਰੀ ਹੈ। ਉਸ ਨੂੰ ਲੋਕਾਂ ਦੀ ਰਜ਼ਾਮੰਦੀ ਲੈਣੀ ਨਿਹਾਇਤ ਜ਼ਰੂਰੀ ਹੈ। ਪਰਿਵਾਰਵਾਦ ਦੀ ਪਾਰਲੀਮੈਂਟਰੀ ਸਰਕਾਰ ਦੇ ਢਾਂਚੇ ਵਿਚ ਕੋਈ ਜਗ੍ਹਾ ਨਹੀਂ ਹੈ।

ਦੂਜੀ ਗੱਲ ਇਹ ਹੈ ਕਿ ਕੋਈ ਵੀ ਕਾਨੂੰਨ ਜੋ ਲੋਕਾਂ ਉਪਰ ਪਬਲਿਕ ਜੀਵਨ ਉਪਰ ਲਾਗੂ ਹੁੰਦਾ ਹੈ। ਲੋਕਾਂ ਦੁਆਰਾ ਚੁਣੇ ਗਏ ਨੁਮਾਇੰਦਿਆਂ ਦੀ ਸਲਾਹ ਉਪਰ ਹੀ ਆਧਾਰਿਤ ਹੋਣਾ ਚਾਹੀਦਾ ਹੈ। ਇਕ ਵਿਅਕਤੀ (ਭਾਵੇਂ ਕਿੰਨਾ ਵੀ ਸਿਆਣਾ ਕਿਉਂ ਨਾ ਹੋਵੇ) ਸਰਕਾਰ ਨੂੰ ਚਲਾਉਣ ਲਈ ਕਾਨੂੰਨ ਬਣਾਉਣ ਦੀ ਤਾਕਤ ਆਪਣੇ ਨਿੱਜੀ ਹੱਥ ਵਿਚ ਨਹੀਂ ਲੈ ਸਕਦਾ। ਕਾਨੂੰਨ ਹਮੇਸ਼ਾ ਲੋਕਾਂ ਦੁਆਰਾ ਚੁਣੇ ਗਏ ਨੁਮਾਇੰਦਿਆਂ ਦੁਆਰਾ ਹੀ ਪਾਰਲੀਮੈਂਟ ਦੇ ਬਣਾਏ ਜਾ ਸਕਦੇ ਹਨ। ਕੇਵਲ ਮਾਤਰ ਇਹ ਚੁਣੇ ਹੋਏ ਮੈਂਬਰ ਹੀ ਉਸ 'ਅਥਾਰਟੀ' ਨੂੰ ਸਲਾਹ ਦੇ ਸਕਦੇ ਹਨ। ਜਿਸ ਦੇ ਨਾਮ ਹੇਠ ਕਾਨੂੰਨ ਨੇ ਲਾਗੂ ਹੋਣਾ ਹੈ, ਇਹੀ ਇਕ ਸਾਮਰਾਜ ਅਤੇ ਲੋਕਤੰਤਰ ਸਰਕਾਰ ਦਾ ਅੰਤਰ ਹੈ। ਰਾਜ ਸ਼ਾਹੀ ਵਿਚ ਜਨਤਾ ਦੇ ਮਸਲੇ ਰਾਜਾ ਵੱਲੋਂ ਰਾਜਾ ਦੀ ਅਥਾਰਟੀ ਨਾਲ ਸੁਲਝਾਏ ਜਾਂ ਉਲਝਾਏ ਜਾਂਦੇ ਹਨ। ਪ੍ਰੰਤੂ ਲੋਕਸ਼ਾਹੀ ਅੰਦਰ ਲੋਕਾਂ ਦੇ ਮਾਮਲੇ ਦੇਸ਼ ਦੇ ਪ੍ਰਮੁੱਖ ਦੇ ਨਾਮ ਹੇਠ ਚਲਦੇ ਹਨ। ਪ੍ਰੰਤੂ ਕਦੇ ਕਾਨੂੰਨ ਤੇ ਉਹਨਾਂ ਦੀ ਵਰਤੋਂ ਸਰਕਾਰ ਦੁਆਰਾ ਹੁੰਦੀ ਹੈ ਜੋ ਲੋਕਾਂ ਦੁਆਰਾ ਚੁਣੇ ਗਏ ਪ੍ਰਤੀਨਿਧੀ ਚਲਾਉਂਦੇ ਹਨ। ਦੇਸ਼ ਦਾ ਪ੍ਰਮੁੱਖ ਕੇਵਲ ਇਕ ਸਤਿਕਾਰ ਯੋਗ ਮੂਰਤੀ ਹੁੰਦੀ ਹੈ। ਉਹ ਪੂਜਨੀਕ ਹੈ, ਪਰ ਦੇਸ਼ ਦੀ ਸਰਕਾਰ ਨਹੀਂ ਚਲਾ ਸਕਦਾ। ਦੇਸ਼ ਦੀ ਸਰਕਾਰ ਭਾਵੇਂ ਉਸਦੇ ਨਾਮ ਹੇਠ ਚਲਦੀ ਹੈ। ਪਰ ਸਰਕਾਰ ਨੂੰ ਚਲਾਉਣ ਵਾਲੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧੀ ਹੀ ਹੁੰਦੇ ਹਨ।

ਤੀਜੀ ਅਤੇ ਅੰਤਿਮ ਗੱਲ ਇਹ ਹੈ ਕਿ ਲੋਕਤੰਤਰ ਸਰਕਾਰ ਅੰਦਰ ਉਹ ਲੋਕ ਜੋ ਰਾਜ ਦੇ ਪ੍ਰਮੁੱਖ ਨੂੰ ਰਾਜ ਚਲਾਉਣ ਨੂੰ ਸਲਾਹ ਦਿੰਦੇ ਉਹਨਾਂ ਨੂੰ ਖੁਦ ਇਕ ਨਿਰਧਾਰਿਤ ਸਮੇਂ ਬਾਅਦ ਲੋਕਾਂ ਵੱਲੋਂ ਵਿਸ਼ਵਾਸ ਪ੍ਰਾਪਤ ਕਰਨਾ ਜ਼ਰੂਰੀ ਹੈ। ਪਹਿਲਾਂ ਬਰਤਾਨੀਆ ਵਿਚ ਸੱਤ ਸਾਲ ਬਾਅਦ ਚੋਣਾਂ ਹੁੰਦੀਆਂ ਸਨ। ਲੋਕਾਂ ਨੇ ਇਸਦਾ ਵਿਰੋਧ ਕੀਤਾ ਅਤੇ ਹਰ ਸਾਲ ਚੋਣ ਕਰਾਉਣ ਦੀ ਇੱਛਾ ਜ਼ਾਹਿਰ ਕੀਤੀ। ਇਸ ਵਿਰੋਧ ਪਿੱਛੇ ਮੰਤਵ ਬਹੁਤ ਪ੍ਰਸ਼ੰਸਾ ਵਾਲਾ ਸੀ। ਸਗੋਂ ਜੇਕਰ ਸੰਭਵ ਹੁੰਦਾ ਤਾਂ ਸਲਾਨਾ ਚੋਣਾਂ ਕਰਵਾਉਣੀਆਂ ਲੋਕਾਂ ਦੇ ਹਿੱਤ ਵਿਚ ਸਨ ਪਰ ਪਾਰਲੀਮੈਂਟਰੀ ਚੋਣਾਂ ਬਹੁਤ ਮਹਿੰਗੀਆਂ ਹਨ। ਇਸ ਲਈ ਇਕ ਆਮ ਸਹਿਮਤੀ ਬਣੀ ਕਿ ਪੰਜ ਸਾਲ ਦਾ ਸਮਾਂ ਕਾਫੀ ਯੋਗ ਸਮਾਂ ਹੈ। ਕੀ ਇਸਦੇ ਅੰਦਰ ਅੰਦਰ ਜ਼ਿੰਮੇਵਾਰੀ ਨਾਲ ਲੈਜਿਸਲੇਚਰ ਦੇ ਮੈਂਬਰ ਅਤੇ ਮੰਤਰੀ ਜਨਤਾ ਦਾ ਵਿਸ਼ਵਾਸ ਪ੍ਰਾਪਤ ਕਰਨ ਲਈ ਮੁੜ ਜਨਤਾ ਕੋਲ ਜਾਣਗੇ।

ਪਾਰਲੀਮੈਂਟਰੀ ਡੈਮੋਕਰੇਸੀ ਦੀਆਂ ਦੋ ਚੂਲਾਂ

ਇੰਨਾ ਵੀ ਕਾਫੀ ਨਹੀਂ ਹੈ। ਲੋਕਤੰਤਰ ਦਾ ਸਰਕਾਰੀ ਢਾਂਚਾ ਬਹਿਸ ਦੁਆਰਾ ਫੈਸਲਿਆਂ ਤੋਂ ਬਹੁਤ ਵੱਡਾ ਹੈ। ਲੋਕਤੰਤਰ ਦੇ ਦੋ ਵੱਡੇ ਸਤੰਭ ਹਨ ਜਿਹਨਾਂ ਤੇ ਇਹ ਢਾਂਚਾ ਟਿਕਿਆ ਹੋਇਆ ਹੈ। ਇਹ ਉਹ ਚੂਲਾਂ ਹਨ ਜਿਹਨਾਂ ਦੇ ਇਰਦ-ਗਿਰਦ ਇਹ ਚੱਲਦਾ ਹੈ। ਇਹ ਹਨ ਪਹਿਲਾ ਵਿਰੋਧੀ ਪਾਰਟੀ ਅਤੇ ਦੂਜਾ ਸੁਤੰਤਰ ਅਤੇ ਨਿਰਪੱਖ ਚੋਣਾਂ।

ਪਿਛਲੇ 20-30 ਸਾਲਾਂ ਤੋਂ ਅਸੀਂ ਇਕ ਹੀ ਰਾਜਨੀਤਿਕ ਪਾਰਟੀ ਦੁਆਰਾ ਰਾਜਸੱਤਾ ਤੇ ਹਾਵੀ ਹੋਣ ਤੇ ਪ੍ਰਭਾਵਿਤ ਹੋ ਗਏ ਹਾਂ। ਲੋਕਸ਼ਾਹੀ ਦੀ ਨਿਰਪੱਖ ਕਾਰਜਸ਼ੈਲੀ ਲਈ ਅਸੀਂ ਵਿਰੋਧੀ ਧਿਰ ਦੀ ਮਹੱਤਤਾ ਨੂੰ ਲੱਗਭੱਗ ਭੁੱਲ ਹੀ ਗਏ ਹਾਂ। ਸਾਨੂੰ ਹਮੇਸ਼ਾ ਭਰੋਸਾ ਦਿੱਤਾ ਜਾਂਦਾ ਹੈ ਕਿ ਵਿਰੋਧੀ ਪੱਖ ਇਕ ਜਹਿਮਤ ਹੈ। ਇੱਥੇ ਫਿਰ ਅਸੀਂ ਭੁੱਲ ਗਏ ਜੋ ਪਿਛਲੇ ਇਤਿਹਾਸ ਤੋਂ ਅਸੀਂ ਸਿੱਖਣਾ ਸੀ। ਤੁਸੀਂ ਜਾਣਦੇ ਹੋ ਕਿ ਵੇਦ ਅਤੇ ਸਿਮਰਤੀਆਂ ਦੀ ਪੜਚੋਲ ਕਰਨ ਲਈ 'ਨਿਵੰਧਕਾਰ' ਹੋਇਆ ਕਰਦੇ ਸਨ। ਉਹ ਸਲੋਕ ਅਤੇ ਸੂਤਰ ਦਾ ਵਿਆਖਿਆਨ ਕਰਨ ਤੋਂ ਪਹਿਲਾਂ ਉਹਨਾਂ ਦਾ ਪੂਰਬ ਪੱਖ ਦੱਸਿਆ ਕਰਦੇ ਸਨ। ਇਹ ਸੁਆਲ ਦਾ ਇਕ ਪਾਸਾ ਹੁੰਦਾ ਸੀ। ਇਸ ਤੋਂ ਬਾਅਦ ਸਵਾਲ ਦਾ ਦੂਜਾ ਪਾਸਾ ਦੱਸਣ ਲਈ ਉਹ ਉਤਰ ਪੱਖ ਦਾ ਬਿਆਨ ਕਰਿਆ ਕਰਦੇ ਸਨ। ਇਸ ਤਰ੍ਹਾਂ ਕਰਕੇ ਉਹ ਦੱਸਦੇ ਸਨ ਕਿ ਉਠਾਇਆ ਗਿਆ ਸਵਾਲ ਇੰਨਾ ਸੌਖਾ ਨਹੀਂ ਹੈ। ਇਹ ਸਵਾਲ ਉਹ ਹੈ ਜਿਸ ਬਾਰੇ ਝਗੜਾ ਹੈ। ਵਿਰੋਧਭਾਸ ਹੈ। ਉਸ ਤੋਂ ਬਾਅਦ ਉਹ ਦੋਵੇਂ ਪੱਖਾਂ ਦੀ ਆਲੋਚਨਾ ਵੀ ਕਰਦੇ ਸਨ। ਜਿਸਨੂੰ ਅਧਿਕਰਣ ਕਹਿੰਦੇ ਸਨ। ਇਸ ਤਰ੍ਹਾਂ ਕਰਕੇ ਉਹ ਦੱਸਦੇ ਸਨ ਕਿ ਉਠਾਇਆ ਗਿਆ ਸਵਾਲ ਇੰਨਾ ਸੌਖਾ ਨਹੀਂ ਹੈ। ਇਹ ਸਵਾਲ ਉਹ ਹੈ ਜਿਸ ਬਾਰੇ ਝਗੜਾ ਹੈ, ਵਿਰੋਧਾਭਾਸ ਹੈ। ਉਸ ਤੋਂ ਬਾਅਦ ਉਹ ਦੋਵੇਂ ਪੱਖਾਂ ਦੀ ਆਲੋਚਨਾ ਵੀ ਕਰਦੇ ਸਨ, ਜਿਸਨੂੰ ਅਧਿਕਰਣ ਕਹਿੰਦੇ ਸਨ। ਅੰਤ ਵਿਚ ਉਹ ਆਪਣਾ ਫੈਸਲਾ ਦਿੰਦੇ ਸਨ ਜਿਸਨੂੰ ਸਿਧਾਂਤ ਕਿਹਾ ਜਾਂਦਾ ਸੀ। ਇਸ ਲਈ ਅਸੀਂ ਦੇਖ ਸਕਦੇ ਹਾਂ ਕਿ ਸਾਡੇ ਪੂਰਵਜ਼ ਅਧਿਆਪਕ ਦੋ ਪਾਰਟੀ ਲੋਕਤੰਤਰ ਵਿਚ ਯਕੀਨ ਰੱਖਦੇ ਸਨ। ਲੋਕਤੰਤਰ ਦੀ ਮਹੱਤਵਪੂਰਨ ਗੱਲ ਇਹ ਹੈ ਕਿ ਜੇਕਰ ਮਸਲੇ ਦੇ ਦੋ ਪੱਖ ਹਨ ਤਾਂ ਲੋਕਾਂ ਨੂੰ ਦੋਹਾਂ ਪੱਖਾਂ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ।

ਇਸ ਲਈ ਇਕ ਕਰਤਬ ਨਿਸ਼ਠਾ ਵਿਰੋਧੀ ਪੱਖ ਹੋਣਾ ਜ਼ਰੂਰੀ ਹੈ। ਇਕ ਸੁਤੰਤਰ ਰਾਜਨੀਤਿਕ ਜੀਵਨ ਲਈ ਵਿਰੋਧੀ ਪੱਖ ਮੂਲ ਜ਼ਰੂਰਤ ਹੈ। ਜਿਸ ਤੋਂ ਬਿਨਾਂ ਲੋਕਸ਼ਾਹੀ ਚੱਲ ਨਹੀਂ ਸਕਦੀ। ਬਰਤਾਨੀਆ ਅਤੇ ਕਨੇਡਾ ਦੁਨੀਆਂ ਦੀਆਂ ਪ੍ਰਮੁੱਖ ਲੋਕਸ਼ਾਹੀਆਂ ਹਨ ਅਤੇ ਦੋਹਾਂ ਦੇਸ਼ਾਂ ਵਿਚ ਵਿਰੋਧੀ ਧਿਰ ਨੇਤਾ ਨੂੰ ਤਨਖਾਹ ਰਾਜ ਖਜ਼ਾਨੇ ਵਿਚੋਂ ਮਿਲਦੀ ਹੈ। ਉਹਨਾਂ ਨੇ ਵਿਰੋਧੀ ਪੱਖ ਇਕ ਲਾਜ਼ਮੀ ਚੀਜ਼ ਮੰਨਿਆ ਹੈ। ਉਹਨਾਂ ਦੇਸ਼ਾਂ ਦੇ ਲੋਕਾਂ ਨੇ ਵੀ ਜਾਣ ਲਿਆ ਹੈ ਕਿ ਵਿਰੋਧੀ ਪੱਖ ਉਨਾ ਹੀ ਜ਼ਰੂਰੀ ਹੈ ਜਿੰਨਾ ਕਿ ਸੱਤਾਧਾਰੀ ਪੱਖ ਅਤੇ ਸਰਕਾਰ। ਸਰਕਾਰ ਭਾਵੇਂ ਤੱਥਾਂ ਨੂੰ ਦਬਾਅ ਦੇਵੇ। ਸਰਕਾਰ ਭਾਵੇਂ ਇਕ ਪੱਖੀ ਪ੍ਰਾਪੇਗੰਡਾ ਕਰ ਜਾਵੇ ਪਰ ਲੋਕਾਂ ਕੋਲ ਇਸਦੇ ਖਿਲਾਫ ਹਨ ਦੋਹਾਂ ਦੇਸ਼ਾਂ ਵਿਚ ਸਾਧਨ ਹੈ।

ਸੁਤੰਤਰ ਨਿਰਪੱਖ ਚੋਣਾਂ:

ਲੋਕਤੰਤਰ ਦਾ ਦੂਜਾ ਸਤੰਭ ਹੈ ਸੁਤੰਤਰ ਅਤੇ ਨਿਰਪੱਖ ਚੋਣਾਂ। ਬਿਨਾਂ ਕਿਸੇ ਖੂਨ ਖਰਾਬੇ ਤੋਂ ਸਮਾਜ ਦੇ ਇਕ ਹਿੱਸੇ ਤੋਂ ਦੂਜੇ ਹਿੱਸੇ ਦੇ ਹੱਥ ਵਿਚ ਸੱਤਾ ਸਥਾਨ ਅੰਤਰ ਕਰਨ ਅਤੇ ਸ਼ਾਂਤਮਈ ਢੰਗ ਨਾਲ ਰਾਜਸੱਤਾ ਚਲਾਉਣ ਲਈ ਸੁਤੰਤਰ ਅਤੇ ਨਿਰਪੱਖ ਚੋਣਾਂ ਜ਼ਰੂਰੀ ਹਨ। ਪੁਰਾਣੇ ਸਮੇਂ ਵਿਚ ਜਦੋਂ ਰਾਜਾ ਮਰਦਾ ਸੀ ਤਾਂ ਘੱਟੋ ਘੱਟ ਇਕ ਕਤਲ ਰਾਜ ਮਹਿਲ ਵਿਚ ਜ਼ਰੂਰ ਹੁੰਦਾ ਸੀ। ਨਵੇਂ ਰਾਜਾਂ ਦੇ ਕਮਾਨ ਆਪਣੇ ਹੱਥਾਂ ਵਿਚ ਸੰਭਾਲਣ ਤੋਂ ਪਹਿਲਾਂ ਮਹਿਲਾਂ ਵਿਚ ਬਗਾਵਤ ਹੋਇਆ ਕਰਦੀ ਸੀ। ਇਹ ਭਾਰਤ ਦਾ ਇਤਿਹਾਸ ਰਿਹਾ ਹੈ।

ਇਸ ਲਈ ਚੋਣਾਂ ਪੂਰੀ ਤਰ੍ਹਾਂ ਸੁਤੰਤਰ ਅਤੇ ਨਿਰਪੱਖ ਹੋਣੀਆਂ ਚਾਹੀਦੀਆਂ ਹਨ। ਜਿਹਨਾਂ ਲੋਕਾਂ ਨੂੰ ਉਹ ਚੁਣ ਕੇ ਭੇਜਣਾ ਚਾਹੁੰਦੇ ਹਨ, ਉਸ ਦੀ ਚੋਣ ਲਈ ਉਹਨਾਂ ਖੁਦਮੁਖਤਿਆਰੀ ਚਾਹੀਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਰਾਜ ਸੱਤਾ ਵਾਲੀ ਪਾਰਟੀ ਦੀ ਵਿਰੋਧੀ ਪਾਰਟੀ ਪੈਦਾ ਕਰਨ ਦੀ ਕੋਈ ਤਮੰਨਾ ਹੈ। ਕਾਂਗਰਸ ਕੋਈ ਵਿਰੋਧੀ ਪਾਰਟੀ ਨਹੀਂ ਚਾਹੁੰਦੀ। ਕਾਂਗਰਸ ਵੱਖ ਵੱਖ ਖਿਆਲ ਦੇ ਲੋਕਾਂ ਨੂੰ ਇਕ ਤੰਬੂ ਹੇਠ ਇਕੱਠੇ ਕਰਨਾ ਚਾਹੁੰਦੀ ਹੈ। ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਦੇਸ਼ ਦੀ ਰਾਜਨੀਤਿਕ ਜ਼ਿੰਦਗੀ ਵਿਚ ਇਹ ਕੋਈ ਲੋੜੀਂਦਾ ਕਦਮ ਹੈ?

ਆਓ ਸੁਤੰਤਰ ਅਤੇ ਨਿਰਪੱਖ ਚੋਣਾਂ ਦੀ ਸਥਿਤੀ ਕੀ ਹੈ ਦੇਖੀਏ। ਸਾਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ ਕਿ ਸਰਮਾਏਦਾਰ ਲੋਕ ਇਸ ਦੇਸ਼ ਦੀ ਰਾਜਨੀਤੀ ਨਾਲ ਖੇਡ ਰਹੇ ਹਨ। ਬੜੇ ਵਪਾਰੀ ਘਰਾਣਿਆਂ ਵੱਲੋਂ ਜੋ ਪੈਸਾ ਕਾਂਗਰਸ ਨੂੰ ਦਿੱਤਾ ਜਾ ਰਿਹਾ ਹੈ, ਇਹ ਬਹੁਤ ਖਤਰਨਾਕ ਮਾਮਲਾ ਹੈ। ਜੇਕਰ ਧਨਾਢ ਲੋਕ ਰਾਜਨੀਤਿਕ ਪਾਰਟੀ ਨੂੰ ਪੈਸੇ ਦੇ ਕੇ ਚੋਣਾਂ ਨੂੰ ਪ੍ਰਭਾਵਿਤ ਕਰਨ ਲੱਗੇ ਤਾਂ ਨਤੀਜਾ ਕੀ ਹੋਵੇਗਾ? ਜਿਸ ਪਾਰਟੀ ਨੂੰ ਉਹਨਾਂ ਨੇ ਚੋਣ ਫੰਡ ਦੇ ਕੇ ਮਾਇਕ ਮਦਦ ਕੀਤੀ ਹੈ, ਜੇ ਉਹ ਪਾਰਟੀ ਸੱਤਾ ਵਿਚ ਆ ਗਈ ਤਾਂ ਸੁਭਾਵਿਕ ਹੀ ਉਹ ਉਸ ਕੋਲੋਂ ਕਨਸ਼ੈਸ਼ਨ ਚਾਹੁਣਗੇ ਜਾਂ ਤਾਂ ਉਹ ਮੌਜੂਦਾ ਕਾਨੂੰਨਾਂ ਵਿਚ ਸੋਧ ਕਰਕੇ ਉਹਨਾਂ ਨੂੰ ਆਪਣੇ ਹਿੱਤ ਲਈ ਇਸਤੇਮਾਲ ਕਰਨ ਲਈ ਕਹਿਣਗੇ, ਨਹੀਂ ਤਾਂ ਸੱਤਾਧਾਰੀ ਪੱਖ ਨੂੰ ਨਵੇਂ ਕਾਨੂੰਨ ਬਣਾ ਕੇ ਉਹਨਾਂ ਦੇ ਆਪਣੇ ਹਿੱਤ ਲਈ ਵਰਤਣ ਵਾਸਤੇ ਪ੍ਰਭਾਵਿਤ ਕਰਨਗੇ।

ਦੋਸਤੋ ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹਨਾਂ ਹਾਲਾਤਾਂ ਅੰਦਰ ਕੀ ਲੋਕਤੰਤਰਿਕ ਸਰਕਾਰ ਦੇਸ਼ ਦੇ ਹਿੱਤ ਲਈ ਕੁਝ ਭਲਾਈ ਵਾਲਾ ਕੰਮ ਕਰ ਸਕਦੀ ਹੈ। ਮੈਂ ਤੁਹਾਡਾ ਧਿਆਨ ਮਹਾਂਭਾਰਤ ਦੀ ਤਰਫ ਲੈ ਜਾਣਾ ਚਾਹੁੰਦਾ ਹਾਂ। ਕੌਰਵ ਅਤੇ ਪਾਂਡਵ ਦੀ ਲੜਾਈ ਸਮੇਂ ਭੀਸ਼ਮ ਪਿਤਾਮਾ ਅਤੇ ਦਰੋਣਾਚਾਰੀਆ ਕੌਰਵਾਂ ਵੱਲ ਸਨ। ਭੀਸ਼ਮ ਨੇ ਇਹ ਗੱਲ ਮੰਨੀ ਹੈ ਕਿ ਪਾਂਡਵ ਠੀਕ ਹਨ ਅਤੇ ਕੌਰਵ ਗਲਤ। ਜਦੋਂ ਕਿਸੇ ਨੇ ਇਹ ਸਵਾਲ ਕੀਤਾ ਕਿ ਜਦੋਂ ਉਹ ਇਹ ਮੰਨ ਰਿਹਾ ਹੈ ਕਿ ਕੌਰਵ ਗਲਤ ਹਨ ਅਤੇ ਪਾਂਡਵ ਠੀਕ ਹਨ ਤਾਂ ਫਿਰ ਉਹ ਕੌਰਵਾਂ ਦੀ ਮਦਦ ਕਿਉਂ ਕਰ ਰਿਹਾ ਹੈ। ਭੀਸ਼ਮ ਨੇ ਇਸਦਾ ਉਤਰ ਇਕ ਯਾਦ ਰੱਖਣ ਯੋਗ ਢੰਗ ਨਾਲ ਦਿੱਤਾ ''ਮੈਂ ਨਮਕ ਹਰਾਮੀ ਨਹੀਂ ਹੋ ਸਕਦਾ ਮੈਂ ਨਮਕ ਹਲਾਲ ਕਰਨਾ ਹੈ। ਜੇਕਰ ਮੈਂ ਕੌਰਵਾਂ ਦਾ ਭੋਜਨ ਖਾਂਦਾ ਹਾਂ ਤਾਂ ਮੈਨੂੰ ਕੌਰਵਾਂ ਦੀ ਮਦਦ ਕਰਨੀ ਚਾਹੀਦੀ ਹੈ। ਭਾਵੇਂ ਉਹ ਗਲਤ ਕਿਉਂ ਨਾ ਹੋਵੇ।

ਅੱਜ ਉਹ ਹੀ ਵਾਪਰ ਰਿਹਾ ਹੈ। ਕਾਂਗਰਸ ਬਾਣੀਆ, ਮਾਰਵਾੜੀ ਅਤੇ ਹੋਰ ਕਰੋੜਪਤੀ ਘਰਾਣਿਆਂ ਤੋਂ ਦਿੱਤੇ ਫੰਡ ਕਬੂਲ ਕਰਦੀ ਹੈ। ਕਾਂਗਰਸ ਉਹਨਾਂ ਦਾ ਅੰਨ ਖਾਂਦੀ ਹੈ ਅਤੇ ਕਾਂਗਰਸ ਨੂੰ ਜਦੋਂ ਦੇਸ਼ ਅਤੇ ਸਰਮਾਏਦਾਰੀ ਵਿਚੋਂ ਚੋਣ ਕਰਨੀ ਹੁੰਦੀ ਹੈ ਤਾਂ ਉਹ ਕੇਵਲ ਸਰਮਾਏਦਾਰੀ ਦਾ ਹੀ ਸਾਥ ਦਿੰਦੀ ਹੈ।

ਵਿਦਿਆਰਥੀਆਂ ਨੂੰ ਅਪੀਲ

ਅਸੀਂ ਦੇਖ ਰਹੇ ਹਾਂ ਕਿ ਸਰਕਾਰੀ ਮੁਲਾਜ਼ਮ ਵੀ ਚੋਣਾਂ ਵਿਚ ਉਸ ਪਾਰਟੀ ਦੀ ਮਦਦ ਕਰਦੇ ਹਨ, ਜੋ ਉਹਨਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਪਾਲਦੀ ਹੈ। ਭਾਰਤੀ ਜੈਨ ਸੰਘ ਦੇ ਦਿੱਲੀ ਵਿਖੇ ਹੋਏ ਸੰਮੇਲਨ ਵਿਚ ਹੁਣੇ ਹੁਣੇ ਸ੍ਰੀ ਮਿਆਮਾ ਮੁਕਰਜੀ ਨੇ ਉਦਘਾਟਨੀ ਭਾਸ਼ਣ ਵਿਚ ਕਿਹਾ ਅਤੇ ਦੋਸ਼ ਲਾਇਆ ਕਿ ਸਰਕਾਰੀ ਨੌਕਰਸ਼ਾਹੀ ਕਾਂਗਰਸ ਦੀ ਕਰਕੇ ਚੋਣਾਂ ਨੂੰ ਸੁਤੰਤਰ ਅਤੇ ਨਿਰਪੱਖ ਹੋਣ ਤੋਂ ਨਕਾਰਦੀ ਹੈ। ਦੱਸੋ, ਵਿਦਿਆਰਥੀਓ ਇਹਨਾਂ ਹਾਲਾਤਾਂ ਅੰਦਰ ਲੋਕਤੰਤਰ ਦੇ ਕਾਮਯਾਬ ਹੋਣ ਦੀ ਕੋਈ ਉਮੀਦ ਹੈ।

ਜੇਕਰ ਦੇਸ਼ ਵਿਚ ਲੋਕਤੰਤਰ ਫੇਲ੍ਹ ਹੋਇਆ ਅਤੇ ਮੇਰੇ ਵੱਲੋਂ ਦੱਸੇ ਗਏ ਕਾਰਨਾਂ ਕਰਕੇ ਫੇਲ੍ਹ ਹੋਵੇਗਾ ਵੀ ਤਾਂ ਕੇਵਲ ਬਗਾਵਤ, ਹੈਂਕੜਸ਼ਾਹੀ ਅਤੇ ਡਿਕਟੇਟਰਸ਼ਿਪ ਹੀ ਅਗਲਾ ਕਦਮ ਹੋਵੇਗਾ। ਜੇ ਸੱਤਾ ਦੇ ਗਲਿਆਰੇ ਵਿਚ ਬੈਠੇ ਲੋਕ ਇਹ ਮਹਿਸੂਸ ਨਹੀਂ ਕਰਦੇ ਕਿ ਲੋਕਾਂ ਨੇ ਪਰਿਵਾਰਵਾਦ ਨੂੰ ਪਸੰਦ ਨਹੀਂ ਕਰਨਾ ਤਾਂ ਇਹ ਦੇਸ਼ ਤਬਾਹ ਹੋ ਜਾਵੇਗਾ ਜਾਂ ਸਾਮਵਾਦ ਆ ਜਾਵੇਗਾ। ਰੂਸ ਸਾਡੇ ਦੇਸ਼ ਉਪਰ ਕਰਜ਼ਾ ਕਰ ਲਵੇਗਾ ਅਤੇ ਸਾਡੀ ਵਿਅਕਤੀਗਤ ਆਜ਼ਾਦੀ ਅਤੇ ਸੁਤੰਤਰਤਾ ਦਾ ਨਾਸ਼ ਕਰ ਦੇਵੇਗਾ। ਨਹੀਂ ਤਾਂ ਲੋਕਾਂ ਦਾ ਉਹ ਸਮੂਹ ਜੋ ਰਾਜ ਸੱਤਾ ਵਿਚ ਪਾਰਟੀ ਦੀਆਂ ਅਸਫਲਤਾਵਾਂ ਤੋਂ ਦੁਖੀ ਹੈ ਬਗਾਵਤ ਕਰ ਦੇਵੇਗਾ।

ਇਸ ਲਈ ਦੋਸਤੋ ਮੈਂ ਚਾਹੁੰਦਾ ਹਾਂ ਕਿ ਤੁਸੀਂ ਅਨਿਸਚਿਤਾਵਾਂ ਤੇ ਗੌਰ ਕਰੋ ਜੇ ਤੁਸੀਂ ਚਾਹੁੰਦੇ ਹੋ ਕਿ ਸਾਨੂੰ ਸਾਡੀ ਸੋਚ, ਸਪੀਚ ਅਤੇ ਕਰਤੱਵ ਦੀ ਸੁਤੰਤਰਤਾ ਬਰਕਰਾਰ ਰਹੇ, ਜੇ ਅਸੀਂ ਆਪਣੇ ਦੇਸ਼ ਦੀ ਆਜ਼ਾਦੀ ਦੀ ਭਾਵਨਾ ਨਾਲ ਪਿਆਰ ਕਰਦੇ ਹਾਂ ਤਾਂ ਵਿਦਿਆਰਥੀ ਜੋ ਇਕ ਬੁੱਧੀਜੀਵੀ ਵਰਗ ਹੈ, ਦੀ ਇਹ ਜ਼ਿੰਮੇਵਾਰੀ ਹੈ ਕਿ ਲੋਕਤੰਤਰ ਸਰਕਾਰੀ ਢਾਂਚੇ ਨੂੰ ਸਫਲ ਬਣਾਉਣ ਲਈ ਅਤੇ ਇਸ ਦੀ ਅਸਲੀ ਹਾਲਤ ਵਿਚ ਰੱਖਣ ਲਈ ਸਮਰਪਿਤ ਹੋ ਜਾਵੇ। ਸਾਥੀਓ! ਮੈਂ ਆਪਣੀ ਗੱਲ ਕਹਿ ਦਿੱਤੀ ਹੈ। ਮੈਂ ਧੰਨਵਾਦੀ ਹਾਂ ਤੁਸੀਂ ਮੈਨੂੰ ਇਸ ਪਾਵਨ ਇਕੱਠ ਨੂੰ ਸੰਬੋਧਨ ਕਰਨ ਦਾ ਮੌਕਾ ਦਿੱਤਾ।



# ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ 123ਵੇਂ ਜਨਮ ਦਿਹਾੜੇ ਤੇ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈ

ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਬੱਚੀ ਸਿਮਰਨ ਦੇ ਜਨਮ ਦਿਨ ਤੇ ਉਸ ਦੇ ਮਾਤਾ ਜੀ ਸ੍ਰੀਮਤੀ ਹਰਪ੍ਰੀਤ ਅਤੇ ਪਿਤਾ ਸ੍ਰੀ ਹਰਦੀਪ ਸਿੰਘ, ਦਾਦੀ ਜੀ ਸ੍ਰੀਮਤੀ ਸੁਦੇਸ਼ ਕੁਮਾਰੀ ਤੇ ਦਾਦਾ ਜੀ ਸ੍ਰੀ ਜਰਨੈਲ ਸਿੰਘ (ਨੰਬਰਦਾਰ, ਸਰਪੰਚ) ਪਿੰਡ ਸਕਰੂਲੀ ਤੇ ਉਹਨਾਂ ਦੇ ਸਮੂਹ ਪਰਿਵਾਰ ਨੂੰ ਬਹੁਤ ਬਹੁਤ ਮੁਬਾਰਕ।



ਸਿਮਰਨ



ਬੱਚੀ ਸਿਮਰਨ ਆਪਣੀ ਦਾਦੀ ਜੀ ਸ੍ਰੀਮਤੀ ਸੁਦੇਸ਼ ਕੁਮਾਰੀ ਅਤੇ ਦਾਦਾ ਜੀ ਸ੍ਰੀ ਜਰਨੈਲ ਸਿੰਘ ਨਾਲ ਜਨਮ ਦਿਨ ਪਾਰਟੀ ਦੌਰਾਨ



Heartiest congratulations on Dr. Ambedkar's 123rd birth anniversary

We congratulate to all on Dr. Ambedkar's 123rd birth anniversary & we would like to request you all to join us to celebrate Baba Sahib Dr. Ambedkar's 123rd birth anniversary at 6:00pm, Venue: Veteran's Memorial Community Building, 1425 Veteran's Memorial Circle, Yuba City (California) 95991 on April 20, 2014

**Ram Sewak Bhatia**

**Stage Secretary**

**(530) 701-4370**



**Shri Guru Ravidass Temple Yuba City, California**

# INDIA MARKET

## SWEETS & SPICES

ਸਪੈਸ਼ਲ ਚਾਟ ਦਾ
ਵਿਸ਼ੇਸ਼ ਪ੍ਰਬੰਧ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ



ਕਸ਼ਮੀਰ ਸਿੰਘ ਹੀਰਾ

ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਨੂੰ
ਡਾ. ਅੰਬੇਦਕਰ ਜੀ ਦੇ ਜਨਮ ਦਿਹਾੜੇ ਦੀਆਂ

ਲੱਖ ਲੱਖ ਵਧਾਈਆਂ



ਬਰਿੰਦਰ ਬੰਗੜ

Sweets Spices Chaat House
We accept EBT cards

**916-786-7666**

1265 Pleasant Grove Blvd.
# 100 Roseville, CA 95747

We have the largest collection for
Indian, Fijian & Pakistani Grocery
Music, Fabric, Artificial Jewelry, Sweets, Fresh Vegetables & morel
We accept EBT cards

**916-338-5511**

5203 Elkhorn Blvd.Sacramento, CA 95842

Toll Free 1-866-FOR-RAJA
www.rajasweets.com
msbains@rajasweets.com

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Fresh Sweets, Snacks & Food
Catering for All occasions
up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

# Dr. B.R. Ambedkar Jayanti

## 123rd Birth Anniversary Celebration

### Chief Guests:

**Jagdev Ram and Ajay Pal Ram**
**Sons of Late: Shri Lahori Ram - Commisioner**



The Dr. B.R. Ambedkar Mission Society of Yuba City invites you and your family to:

### Morning Program:

Shri Guru Ravidass Temple
1480 Hayne Ave
Yuba City, CA

April 18, 2014 -Akhand Path -11:00am
April 20, 2014 - Bhog - 11:00am
Kirtan - 11:30am

### Evening Program:

Veteran's Memorial Community Building
1425 Veteran's Memorial Circle
Yuba City, CA

April 20, 2014 - 6:00pm to 10:00pm

### Special Entertainment:

Singer: Ranjit Teji From Seattle, WA

- Free Entrance
- Free Food
- Tea-pakora and Dinner served

**For More Information Contact:**

PARSHOTAM SOOD, MOHINDER RATTU, BHUPINDER BHINDA, LAKHVIR SOOD, BALBIR SUMMAN, RIPON PAL, PREM SOUNDHI, SANTOKH SINGH GILL, SOHAN LAL B.D.O., JASPAL JASSAL

| | | | | |
|---|---|---|---|---|
| Shingara Singh Ralh | Dilwinder Ralh | Ram Sewak Bhatia | Paramjit Saroya | Prem Chumber |
| (530) 713-1823 | (530) 933-3938 | (530) 701-4370 | (530) 315-8955 | (916) 947-8920 |